# ਗਹਿਰੇ ਪਾਣੀਆਂ ਵਿਚ

(ਗ਼ਜ਼ਲ ਸੰਗ੍ਰਹਿ)

*ਅਸੀਂ ਤਾਂ ਕ੍ਰਿਸ਼ਨ ਹਾਂ ਏਨੇ ਕੁ ਜੋਗੇ,*
*ਕਿਨਾਰੇ ਬੈਠਕੇ ਚੁਗਦੇ ਹਾਂ ਘੋਗੇ,*
*ਉਤਰ ਸਕਦੇ ਨ ਗਹਿਰੇ ਪਾਣੀਆਂ ਵਿਚ,*
*ਕਿਵੇਂ ਮੋਤੀ ਅਸਾਡੇ ਹੱਥ ਲੱਗਣ।*

## ਏਸੇ ਕਲਮ ਤੋਂ

- *ਮਹਿਕ ਦੇ ਹਸਤਾਖਰ (ਗਜ਼ਲ ਸੰਗ੍ਰਹਿ)*
- *ਤਲਖ਼ ਪਲ (ਗਜ਼ਲ ਸੰਗ੍ਰਹਿ)*
- *ਜਲ-ਤਰੰਗ (ਗਜ਼ਲ ਸੰਗ੍ਰਹਿ)*
- *ਵਿਅੰਗ ਲੀਲਾ (ਇੱਕੋ ਵਿਅੰਗ ਗ਼ਜ਼ਲ ਸੰਗ੍ਰਹਿ)*
- *ਚੁੱਪ ਦਾ ਸੰਗੀਤ (ਗ਼ਜ਼ਲ ਸੰਗ੍ਰਹਿ)*
- *ਸੋਨੇ ਦੀ ਸਲੀਬ (ਗ਼ਜ਼ਲ ਸੰਗ੍ਰਹਿ)*
- *ਉਮਰ ਦੇ ਵਰਕੇ (ਗ਼ਜ਼ਲ ਸੰਗ੍ਰਹਿ)*
- *ਗ਼ਜ਼ਲ ਦੀ ਬਣਤਰ ਅਤੇ ਅਰੂਜ਼*

# ਗਹਿਰੇ ਪਾਣੀਆਂ ਵਿਚ

ਕ੍ਰਿਸ਼ਨ ਭਨੋਟ

.ਗਜ਼ਲ ਮੰਚ ਸਰੀ ਕਨੇਡਾ

*Gahere paaneeaan vich*
*Ghazals by*
*Krishan Bhanot ©*
*2-8255- 120 a Street*
*Surrey BC V3W 1T2*
*CANADA*
*Ph: 604-314-7279*
*Email : krishanbhanot@hotmail.com*
*http://https://www.facebook.com/profile.php?id=100005394198346*

*Published by:*
*Ghazal Manch Surrey*
*14718 88 Ave Surrey BC V3S 2S3*
*Canada*
*Facebook: https://www.facebook.com/ghazal.manch.96*
***In association with***
*South Asian Review, prince George, Virasat Foundation, Canada*
*Contact: Bhupinder Malhi  Ph: 604 765 3063*

***Publish Year**: **2023***
***ISBN**: 978-1-7773553-3-3*

***Doaba Sahit Sabha GarhShankar (Beguampura Book Shop, Navan Shear)***
*Contact: Jasbir begumpuri Ph. 94174-15062*

***Printer***
***Shaheed-E-Azam Press & Hospitality Pvt. Ltd. Patiala***

***Price**: Rs. 150 / $ 10*

## ਖ਼ੌਲਦਾ ਲਾਵਾ, ਫੁੱਟਦਾ ਜਵਾਲਾ-ਮੁਖੀ

ਬਚਪਨ ਤੋਂ ਹੀ ਬੇਹੱਦ ਭਾਵੁਕ ਤੇ ਜਜ਼ਬਾਤੀ ਹੋਣਾ ਮੇਰੀ ਪ੍ਰਵਿਰਤੀ ਰਹੀ ਹੈ। ਪਲ ਵਿਚ ਤੋਲਾ, ਪਲ ਵਿਚ ਮਾਸਾ ਹੋਣਾ, ਮੇਰੇ ਮਨ ਦੀ ਪ੍ਰਕਿਰਤੀ ਰਹੀ ਹੈ। ਰਿਸ਼ਤਿਆਂ ਦੀ ਭੀੜ ਵਿਚ ਇਕੱਲਤਾ ਮੇਰੀ ਹੋਣੀ ਬਣੀ ਰਹੀ ਹੈ। ਜਿਵੇਂ ਸਮੁੰਦਰ 'ਚ ਕੋਈ ਜਜ਼ੀਰਾ ਹੋਵਾਂ। ਹੋ ਸਕਦਾ ਹੈ ਇਸ ਦਾ ਕਾਰਣ ਮੇਰੇ ਸੁਭਾਅ ਦਾ ਬੇਹੱਦ ਅੰਤਰ-ਮੁਖੀ ਹੋਣਾ ਹੋਵੇ। ਮੇਰੇ ਸੁਭਾਅ ਕਰ ਕੇ ਹੀ ਮੇਰੇ ਦੋਸਤਾਂ ਤੇ ਸਮਾਜਿਕ ਸਬੰਧਾਂ ਦਾ ਦਾਇਰਾ ਬੜਾ ਸੀਮਤ ਰਿਹਾ ਹੈ। ਸਮਾਜਿਕ ਰਿਸ਼ਤਿਆਂ 'ਚ ਪਏ ਇਸ ਖਲਾਅ ਨੂੰ, ਇਸ ਖੱਪੇ ਨੂੰ ਭਰਨ ਦੀ ਚਾਰਾਜ਼ੋਈ ਕਰਦਿਆਂ, ਹੀਲਾ ਕਰਦਿਆਂ, ਸਕੂਲ ਦੀਆਂ ਪ੍ਰਇਮਰੀ ਜਮਾਤਾਂ 'ਚ ਹੀ ਮੇਰਾ ਵਾਹ ਪੁਸਤਕਾਂ ਨਾਲ਼ ਪੈ ਗਿਆ। ਪਹਿਲਾਂ ਘਰ 'ਚ ਪਈਆਂ ਧਾਰਮਿਕ ਪੁਸਤਕਾਂ ਨਾਲ਼, ਫਿਰ ਬਾਲ ਰਸਾਲਿਆਂ ਨਾਲ਼।

ਹਾਈ ਸਕੂਲ 'ਚ ਪੜ੍ਹਦਿਆਂ ਲਾਇਬਰੇਰੀ ਦੀਆਂ ਪੁਸਤਕਾਂ ਮੇਰੀ ਰੂਹ ਦੇ ਇਸ ਖੱਪੇ ਨੂੰ ਭਰਨ 'ਚ ਬਹੁਤ ਸਹਾਈ ਹੋਈਆਂ। ਬਾਲ-ਵਰੇਸ ਦੇ ਉਹਨਾਂ ਸਮਿਆਂ 'ਚ ਹੀ ਕਿਤੇ ਮਨ ਦੀ ਮਿੱਟੀ 'ਚ ਸ਼ਬਦਾਂ ਦੇ ਬੀਜ ਕੇਰੇ ਗਏ। ਉਹਨਾਂ ਸਮਿਆਂ 'ਚ ਹੀ ਸਿਰਜਣਾ ਦੀਆਂ ਕਰੂਬਲਾਂ ਫੁੱਟਣੀਆਂ ਸ਼ੁਰੂ ਹੋ ਗਈਆਂ। ਪਹਿਲਾਂ-ਪਹਿਲਾਂ ਪ੍ਰਚਲਤ ਕਿਸਮ ਦੇ ਗੀਤਾਂ 'ਤੇ ਹੱਥ ਆਜ਼ਮਾਇਆ। ਫਿਰ ਕਾਲਜ ਦੇ ਸਮੇਂ ਦੌਰਾਨ, ਸਾਹਿਤਕ ਗੀਤਾਂ ਕਵਿਤਾਵਾਂ, ਕਹਾਣੀਆਂ ਬਗ਼ੈਰਾ ਲਿਖੀਆਂ। ਕਾਲਿਜ ਦੀ ਸਾਹਿਤ ਸਭਾ 'ਚ ਸਰਗਰਮ ਰਿਹਾ। ਕਾਲਿਜ ਦੇ ਮੈਗ਼ਜ਼ੀਨ ਵਿਚ ਪਹਿਲੇ ਸਫ਼ੇ 'ਤੇ ਮੇਰੀ ਕਵਿਤਾ ਛਪੀ, ਜਿਸ ਨਾਲ ਹੌਸਲਾ ਵਧਿਆ ਅਤੇ ਅਗਲੇ ਸਾਲ ਕਹਾਣੀ ਛਪੀ। ਹੌਲੀ-ਹੌਲੀ ਇਲਾਕੇ ਦੀਆਂ ਸਾਹਿਤ ਸਭਾਵਾਂ ਨਾਲ਼ ਸਬੰਧ ਜੁੜਿਆ ਪਰ ਅਜੇ ਕਿਸੇ ਖ਼ਾਸ ਸਾਹਿਤਕ-ਵਿਧਾ ਦੀ ਭਾਲ਼ ਵਿਚ ਸਾਂ।

ਪੰਜਾਬੀ ਲਿਖਾਰੀ ਸਭਾ, ਰਾਮਪੁਰ ਵਿਚ ਆਉਣ-ਜਾਣ ਹੋਇਆ ਤਾਂ, ਅਜਾਇਬ ਚਿਤਰਕਾਰ ਅਤੇ ਕੁਲਵੰਤ ਨੀਲੋਂ, ਵਰਗੇ ਨਾਮਵਰ ਗ਼ਜ਼ਲੋਆਂ ਦੀਆਂ ਗ਼ਜ਼ਲਾਂ ਨੇ ਅਜੇਹਾ ਪ੍ਰਭਾਵਤ ਕੀਤਾ ਕਿ ਗ਼ਜ਼ਲ ਪ੍ਰਤੀ ਝੁਕਾ ਹੋ ਗਿਆ ਪਰ ਗ਼ਜ਼ਲ ਕਹਿਣ ਦਾ ਹੌਸਲਾ ਨਹੀਂ ਸੀ ਪੈਂਦਾ। ਪਹਿਲਾਂ ਰੁਬਾਈਆਂ 'ਤੇ ਹੱਥ ਆਜ਼ਮਾਇਆ, ਕਾਫ਼ੀ ਸਾਰੀਆਂ ਲਿਖੀਆਂ ਪਰ ਸਮੇਂ ਦੀ ਧੂੜ ਵਿਚ ਗੁਆਚ ਗਈਆਂ। ਹੌਲੀ-ਹੌਲੀ ਗ਼ਜ਼ਲ ਕਹਿਣ ਦਾ ਹੌਸਲਾ ਕੀਤਾ ਪਰ ਗ਼ਜ਼ਲ ਦੇ ਵਿਧੀ-ਵਿਧਾਨ ਬਾਰੇ ਕੁਝ ਪਤਾ ਨਹੀਂ ਸੀ। ਏਨਾ ਹੀ ਪਤਾ ਸੀ ਕਿ ਪਹਿਲੀਆਂ ਦੋ ਤੁਕਾਂ ਦਾ ਤੁਕਾਂਤ ਮੇਲਣਾ ਹੈ ਤੇ ਫਿਰ ਪਹਿਲੀ ਤੁਕ ਛੱਡਕੇ ਦੂਜੀ ਦਾ। ਦੋ ਢਾਈ ਸਾਲ ਲਿਖਦਾ ਰਿਹਾ, ਸਾਰੇ ਸੁਣਦੇ ਰਹੇ, ਦਾਦ ਵੀ ਦਿੰਦੇ ਰਹੇ, ਪਰ ਕਿਸੇ ਨੇ ਇਲਮ-ਅਰੂਜ਼ ਬਾਰੇ ਕੋਈ ਸੂਹ ਨਹੀਂ ਦਿੱਤੀ। ਮੈਂ ਕਿਸੇ ਦੇ ਮੂੰਹੋਂ ਵੀ ਅਜਿਹਾ ਕੁਝ ਨਹੀਂ ਸੁਣਿਆਂ। ਫਿਰ ਇਕ ਦਿਨ, ਪੰਜਾਬੀ ਲਿਖਾਰੀ ਸਭਾ, ਰਾਮਪੁਰ ਦੀ ਮੀਟਿੰਗ ਤੋਂ ਮਗਰੋਂ, ਕੁਝ ਲੇਖਕ ਦੋਸਤ ਬੈਠੇ ਸਾਂ ਤਾਂ ਮਹਿੰਦਰ ਰਾਮਪੁਰੀ ਨੇ ਇਹ ਜਾਣਕਾਰੀ ਦਿੱਤੀ ਕਿ ਗ਼ਜ਼ਲ ਕਹਿਣ ਵਾਸਤੇ ਇਲਮ-ਅਰੂਜ਼ ਦੀ ਜਾਣਕਾਰੀ ਜ਼ਰੂਰੀ ਹੈ। ਅਰੂਜ਼ ਬਗ਼ੈਰ ਗ਼ਜ਼ਲ ਨਹੀਂ ਕਹੀ ਜਾ ਸਕਦੀ। ਉਹਨਾਂ ਨੇ ਅਰੂਜ਼ ਦੇ ਅੱਠ ਰੁਕਨਾਂ ਵਿੱਚੋਂ ਚਾਰ ਕੁ ਦੀ ਜਾਣਕਾਰੀ ਦਿੱਤੀ ਅਤੇ ਤਕਤੀਹ ਕਰਨ ਦਾ ਤਰੀਕਾ ਵੀ ਸਮਝਾਇਆ।

ਇਹ ਘਟਨਾ ਸਾਲ 1977 ਦੇ ਮਾਰਚ ਜਾਂ ਅਪਰੈਲ ਦੀ ਹੈ। ਘਰ ਆ ਕੇ ਸਾਰੀਆ ਲਿਖੀਆਂ ਗ਼ਜ਼ਲ-ਨੁਮਾ ਰਚਨਾਵਾਂ ਪਾੜ ਦਿੱਤੀਆਂ, ਨਵੇਂ ਸਿਰੇ ਤੋਂ ਅਰੂਜ਼ ਅਨੁਸਾਰ ਗ਼ਜ਼ਲਾਂ ਲਿਖਣ ਦਾ ਅਭਿਆਸ ਸ਼ੁਰੂ ਕੀਤਾ। ਪਹਿਲਾਂ-ਪਹਿਲਾਂ ਬਹੁਤ ਮੁਸ਼ਕਲ ਪੇਸ਼ ਆਈ ਪਰ ਨਿਰੰਤਰ ਅਭਿਆਸ ਨਾਲ਼ ਕਾਮਯਾਬੀ ਮਿਲਣ ਲੱਗੀ। ਹੌਲੀ-ਹੌਲੀ ਇਕ ਗ਼ਜ਼ਲਗ਼ੋ ਦੇ ਤੌਰ ਤੇ ਪਛਾਣ ਬਣਦੀ ਗਈ।

ਇਹ ਮੇਰਾ ਨੌਵਾਂ ਗ਼ਜ਼ਲ ਸੰਗ੍ਰਹਿ ਹੈ। ਇਸ ਪੜ੍ਹਾਅ 'ਤੇ ਆ ਕੇ ਆਪਣੀ ਪਛਾਣ ਬਣਾਉਣ ਦੀ, ਨਾਂ ਅਤੇ ਸ਼ੁਹਰਤ ਕਮਾਉਣ ਦੀ ਦੌੜ ਨਿਰਾਰਥਕ ਹੋ ਗਈ ਹੈ। ਜ਼ਿੰਦਗੀ ਦੀ ਭੱਜ-ਦੌੜ ਤੋਂ ਹੰਭਿਆ, ਹੁੱਟਿਆ, ਥੱਕਿਆ, ਟੁੱਟਿਆ, ਤਰਾਸ ਤੇ ਉਦਾਸ ਹੋਇਆ, ਜਦ ਮੈਂ ਗ਼ਜ਼ਲ ਦੇ ਸਿਰਜਣਾ ਪਲਾਂ 'ਚੋਂ ਲੰਘਦਾ ਹਾਂ ਤਾਂ ਇਹ ਪਲ ਸਾਰੇ ਤਣਾਅ ਤੋਂ ਮੁਕਤ ਕਰ ਦਿੰਦੇ ਨੇ। ਮੈਂ ਮੁੜ ਕੇ ਜਿਉਣ ਜੋਗਾ ਹੋ ਜਾਂਦਾ ਹਾਂ। ਮੇਰੇ ਖ਼ਿਆਲ ਵਿਚ ਹਰ ਸੰਵੇਦਨਸ਼ੀਲ ਵਿਅਕਤੀ ਇਕ ਜਵਾਲਾ-ਮੁਖੀ ਵਾਂਗ ਹੁੰਦਾ ਹੈ। ਜਿਸ ਦੇ ਮਨ ਦੀਆਂ ਤਹਿਆਂ ਵਿਚ ਹਮੇਸ਼ਾ ਇਕ ਲਾਵਾ ਖੌਲਦਾ ਰਹਿੰਦਾ ਹੈ ਅਤੇ ਅਕਸਰ ਮਨ ਦੀ ਕਿਸੇ ਕਮਜ਼ੋਰ ਤਹਿ ਚੋਂ ਫੁੱਟ ਨਿਕਲਦਾ ਹੈ। ਸੂਖਮ ਹੋਣ ਕਰ ਕੇ ਇਹ ਲਾਵਾ ਵਿਨਾਸ਼ਕਾਰੀ ਨਹੀਂ ਸਗੋਂ ਕਲਿਆਣਕਾਰੀ ਹੁੰਦਾ ਹੈ।

ਮੈਂ ਆਪਣੇ ਸ਼ਾਇਰ ਹੋਣ ਦਾ ਦਾਵ੍ਹਾ ਨਹੀਂ ਕਰਦਾ, ਕਿਉਂ ਕਿ ਅਜੇ ਮੈਂ ਆਪ ਵੀ ਅਪਣੀ ਸ਼ਾਇਰੀ ਤੋਂ ਸ਼ੰਤੁਸ਼ਟ ਨਹੀਂ। ਜਿਵੇਂ ਹਰ ਲੇਖਕ ਦੀ ਇੱਛਾ ਹੁੰਦੀ ਹੈ ਕਿ ਉਹ ਕੁਝ ਅਜੇਹਾ ਲਿਖ ਜਾਵੇ ਜੋ ਪਾਠਕ-ਮਨਾਂ 'ਤੇ ਉਕਰਿਆ ਜਾਵੇ। ਮੈਂ ਵੀ ਕੁਝ ਅਜੇਹਾ ਲਿਖਣ ਦੀ ਇੱਛਾ ਰੱਖਦਾ ਹਾਂ। ਸ਼ਾਇਦ ਭਵਿੱਖ ਵਿਚ ਕੁਝ ਅਜੇਹਾ ਲਿਖ ਸਕਾਂ। ਇਸੇ ਆਸ ਨਾਲ਼

ਕ੍ਰਿਸ਼ਨ ਭਨੋਟ

( ਅਗਸਤ 13 -2022)

■

ਮੈਂ ਕਰ ਸਕਦਾਂ ਬੜਾ ਕੁਝ, ਪਰ, ਇਸੇ ਪਰ ਦਾ ਪੁਆੜਾ।
ਜੋ ਨਿੱਤਰਦੈ ਅਖਾੜੇ ਵਿਚ, ਉਹੋ ਜਿੱਤਦੈ ਅਖਾੜਾ।

ਨਿਕਲ ਆਏ ਹਾਂ ਜੰਗਲ਼ 'ਚੋਂ, ਮਨੋ ਨਾ ਨਿਕਲਦਾ ਜੰਗਲ਼
ਤਦੇ ਕਮਜ਼ੋਰ ਹੱਥਾਂ 'ਤੇ, ਸਦਾ ਵਜਦਾ ਹੈ ਧਾੜਾ।

ਬੜਾ ਹੈਰਾਨ ਹਾਂ ਮੈਂ, ਆਪਣੇ ਹੱਥੀਂ ਜੁ ਘੜਿਐ,
ਕਿਵੇਂ ਉਸ ਬੁੱਤ ਪੈਰੀਂ ਢਹਿ ਪਿਐ ਖ਼ੁਦ ਬੁੱਤ-ਘਾੜਾ।

ਉਹ ਕੋਰਾ ਫ਼ਲਸਫ਼ਾ ਤਾਂ ਅਮਲ ਦੇ ਆਇਆ ਨ ਮੇਚੇ,
ਮਿਟਾ ਸਕਿਆ ਨਹੀਂ ਉਹ ਝੁੱਗੀਆਂ, ਮਹਿਲਾਂ 'ਚ ਪਾੜਾ।

ਅਸਾਡੇ ਅਪਣਿਆਂ ਵਿੱਚੋਂ ਬਣੇ ਦਸਤਾ ਨਾ ਜੇ ਤਾਂ,
ਵਿਗਾੜੇ ਕੀ ਉਹ ਜੰਗਲ਼ ਦਾ, ਨਕਾਰਾ ਹੈ ਕੁਹਾੜਾ।

ਸਿਖਾ ਸਕਦਾਂ ਮੈਂ ਬਹਿਰਾਂ ਕ੍ਰਿਸ਼ਨ ਹੈ ਉਸਤਾਦ ਕੋਈ?
ਕਲਾ -ਕੌਸ਼ਲ ਸਿਖਾਵੇ, ਜਾਨ ਦਾ ਦੇਵਾਂ ਮੈਂ ਭਾੜਾ।

■

ਕੁਝ ਕੁ ਪਲ ਹੁੰਦੇ ਨੇ ਅਪਣੇ ਮਨ 'ਚ ਝਾਤੀ ਪਾਣ ਦੇ।
ਕੁਝ ਪਲ ਹੁੰਦੇ ਨੇ ਅਪਣੇ ਆਪ ਨੂੰ ਸਮਝਾਣ ਦੇ।

ਵਰਕਿਆਂ ਨੂੰ ਧੁਖਣ ਲਾ ਦਿੰਦਾ ਇਹਨਾਂ ਦੇ ਸੇਕ ਨਾਲ਼,
ਕਾਸ਼ ਮਿਲ਼ਦੇ ਸ਼ਬਦ ਮੈਨੂੰ ਜਜ਼ਬਿਆਂ ਦੇ ਹਾਣ ਦੇ।

ਜ਼ਿੰਦਗੀ ਵਿਚ ਮੁਸ਼ਕਲਾਂ, ਮਜਬੂਰੀਆਂ ਮਿਲੀਆਂ ਅਨੇਕ,
ਉਂਗਲਾਂ 'ਤੇ ਗਿਣਨ-ਜੋਗੇ ਪਲ ਮਿਲੇ ਮੁਸਕਾਣ ਦੇ।

ਹੇ ਖ਼ੁਦਾ, ਹੇ ਵਾਹਗੁਰੂ, ਹੇ ਰਾਮ, ਹੇ ਗਿਰਧਰ ਗੁਪਾਲ,
ਧਰਮੀਆਂ 'ਤੇ ਦੋਸ਼ ਕਿਉਂ ਇਨਸਾਨੀਅਤ ਦੇ ਘਾਣ ਦੇ।

ਕੁਝ ਕੁ ਲੋਕੀ ਮਾਤ ਦੇ ਦਿੰਦੇ ਨੇ ਇਉਂ ਹਾਲਾਤ ਨੂੰ,
ਚਮਕਦੇ ਹੀਰੇ ਜਿਵੇਂ, ਵਿਚ ਕੋਲਿਆਂ ਦੀ ਖਾਣ ਦੇ।

ਸ਼ਾਇਰੀ ਨੇ ਕ੍ਰਿਸ਼ਨ ਤੇਰੀ ਕੁਝ ਬਣਾ ਦਿੱਤੀ ਪਛਾਣ,
ਲੋਕ ਤੇਰੇ ਪਿੰਡ ਦੇ ਵੀ ਨਾ ਸੀ ਤੈਨੂੰ ਜਾਣਦੇ।

ਉਹ ਜੋ ਫਸਲਾਂ ਬੀਜਦੇ, ਯੁੱਗਾਂ ਤਕ ਲਹਿਰਾਣ।
ਲੇਖਕ ਹੁੰਦੇ ਕੌਮ ਦੇ, ਸ਼ਬਦਾਂ ਦੇ ਕਿਰਸਾਣ।

ਨਾ ਪੈ ਲੰਮੀ ਤਾਣ ਕੇ, ਪਰਖ ਰਹੇ ਹਾਲਾਤ,
ਜੇ ਤੇਰੇ ਵਿਚ ਤਾਣ ਤਾਂ, ਖ਼ੜ੍ਹਕੇ ਸੀਨਾ ਤਾਣ।

ਮਨ ਵਿਚ ਪਾਲ਼ੋ ਨਾ ਕਦੇ, ਹਾਰਨ ਦਾ ਡਰ, ਖ਼ੌਫ਼,
ਪਾਣ  ਚੜ੍ਹੇ ਜਦ ਘੋਲ ਦੀ, ਯੋਧੇ ਜਿੱਤਾਂ ਪਾਣ।

ਜੇ ਉਹ ਜਾਣੀ-ਜਾਣ ਹੈ, ਸਾਡਾ ਇਕ ਸਵਾਲ,
ਸਾਡੇ ਦੁੱਖਾਂ ਤੋਂ ਕਿਵੇਂ ਤੇਰਾ ਰੱਬ ਅਣਜਾਣ।

ਮੈਂ ਤੈਨੂੰ ਲੋਈ ਦਵਾਂ, ਤੂੰ ਕਰ ਭੇਂਟ ਪਲੇਕ
ਇਕ ਦੂਜੇ ਦਾ ਰੱਖੀਏ, ਆਪਾਂ ਦੋਵੇਂ ਮਾਣ।

ਕ੍ਰਿਸ਼ਨ ਭਲਾ ਕਿਉਂ ਆਫਰੇਂ, ਹੈ ਨਾ ਤੇਰੇ ਕੋਲ਼,
ਇਕ ਗੁਣ ਵੀ ਸਹੁੰ ਖਾਣ ਨੂੰ, ਤੂੰ ਕਮੀਆਂ ਦੀ ਖਾਣ।

ਮੁਹੱਬਤ ਦਾ ਹੀ ਇਹ ਪਰਤਾਪ ਸਾਰਾ,
ਮੈਂ ਕੁਝ ਪਲ ਇਸ ਤਰ੍ਹਾਂ ਦੇ ਲੋਚਦਾ ਹਾਂ।
ਇਹ ਪੱਥਰ ਦਿਲ ਵੀ ਕਰ ਦਿੰਦੀ ਹੈ ਪਾਰਾ,
ਮੈਂ ਕੁਝ ਪਲ ਇਸ ਤਰ੍ਹਾਂ ਦੇ ਲੋਚਦਾ ਹਾਂ।

ਜਿਨ੍ਹਾਂ ਦੇ ਸੁਪਨਿਆਂ ਨੇ ਨੈਣ ਮੱਲੇ,
ਮੁਹੱਬਤ ਨਾਲ਼ ਦਿਲ ਹੋ ਜਾਣ ਝੱਲੇ,
ਜਿਵੇਂ ਮੁੱਠੀ 'ਚ ਹੈ ਸੰਸਾਰ ਸਾਰਾ,
ਮੈਂ ਕੁਝ ਪਲ ਇਸ ਤਰ੍ਹਾਂ ਦੇ ਲੋਚਦਾ ਹਾਂ।

ਸਵਖਤੇ ਹੀ ਚਿੜੀ ਜਿਉਂ ਚਹਿਕਦੀ ਹੈ,
ਕਿ ਜੀਕਣ ਰਾਤ-ਰਾਣੀ ਮਹਿਕਦੀ ਹੈ,
ਚਮਕਦਾ ਜਿਸ ਤਰ੍ਹਾਂ ਸਰਘੀ ਦਾ ਤਾਰਾ,
ਮੈਂ ਕੁਝ ਪਲ ਇਸ ਤਰ੍ਹਾਂ ਦੇ ਲੋਚਦਾ ਹਾਂ।

ਜਿਵੇਂ ਦੋਮੇਲ ਤੇ ਅਸਮਾਨ ਝੁਕਦਾ,
ਇਵੇਂ ਨੈਣਾਂ ਦੀਆਂ ਝੁਕ ਜਾਣ ਪਲਕਾਂ,
ਇਹ ਮਿਲਣੀ ਦਾ ਅਲੋਕਾਰਾ ਨਜ਼ਾਰਾ,
ਮੈਂ ਕੁਝ ਪਲ ਇਸ ਤਰ੍ਹਾਂ ਦੇ ਲੋਚਦਾ ਹਾਂ।

ਸਰੋਦੀ ਨਾਦ ਹੈ ਜਾਂ ਨਾਦ ਅਨਹਦ,
ਮਨਾਂ ਦਾ ਛਿੜ ਪਿਆ ਸੰਵਾਦ ਹੈ ਜਦ,
ਉਦੋਂ ਭਾਲੋ ਨ ਸ਼ਬਦਾਂ ਦਾ ਸਹਾਰਾ,
ਮੈਂ ਕੁਝ ਪਲ ਇਸ ਤਰ੍ਹਾਂ ਦੇ ਲੋਚਦਾ ਹਾਂ।

ਸਲੀਕਾ, ਸੁਹਜ, ਸੰਜਮ, ਸਰਲਤਾ ਹੈ,
ਨਹੀਂ ਹੰਝੂ, ਇਹ ਮਨ ਦੀ ਤਰਲਤਾ ਹੈ,
ਜਿਵੇਂ ਕਲਕਲ ਕਰੇ ਚਸ਼ਮੇ ਦੀ ਧਾਰਾ,
ਮੈਂ ਕੁਝ ਪਲ ਇਸ ਤਰ੍ਹਾਂ ਦੇ ਲੋਚਦਾ ਹਾਂ।

ਸੁਹੱਪਣ, ਰਿਦਮ ਤੇ ਤਰਤੀਬ ਹੋਵੇ,
ਉਦੋਂ ਹੀ ਸ਼ਬਦ ਨੇ ਜਾਦੂ ਜਗਾਉਂਦੇ,
ਤਲਿੱਸਮ ਸਿਰਜ ਦਿੰਦਾ ਹੈ ਬੁਲਾਰਾ,
ਮੈਂ ਕੁਝ ਪਲ ਇਸ ਤਰ੍ਹਾਂ ਦੇ ਲੋਚਦਾ ਹਾਂ।

ਭਲਾ ਕਿਸ ਕੋਲ਼ ਮਨ ਦੇ ਭਿੱਤ ਖੋਹਲਾਂ,
ਦੁਚਿੱਤੀ ਵਿੱਚ ਹਾਂ ਬੋਲਾਂ, ਨ ਬੋਲਾਂ,
ਜ਼ਰਾ ਠਹਿਰੋ ਕਿ ਮੈਂ ਕਰਦਾ ਹਾਂ ਚਾਰਾ,
ਮੈਂ ਕੁਝ ਪਲ ਇਸ ਤਰ੍ਹਾਂ ਦੇ ਲੋਚਦਾ ਹਾਂ।

ਜੁ ਸਾਹ ਪੌਣਾਂ ਦੇ ਇਕ ਪਲ ਰੋਕ ਦੇਵੇ,
ਸੰਵੇਦਨਸ਼ੀਲਤਾ ਕਿੱਥੋਂ ਲਿਆਵਾਂ,
ਹੁਨਰ ਤਾਂ ਕ੍ਰਿਸ਼ਨ ਮਿਲਦਾ ਨਾ ਹੁਧਾਰਾ,
ਮੈਂ ਕੁਝ ਪਲ ਇਸ ਤਰ੍ਹਾਂ ਦੇ ਲੋਚਦਾ ਹਾਂ।

■

ਇਨ੍ਹਾਂ ਸਮਿਆਂ ਦੇ ਵਿੱਚ ਖਾਮੋਸ਼ ਰਹਿਣਾ,
ਨ ਮਾਫ਼ੀ ਯੋਗ ਹੈ, ਇਹ ਜੁਰਮ ਭਾਰਾ,
ਕਿਵੇਂ ਬੁੱਲ੍ਹਾਂ 'ਤੇ ਮੈਂ ਤਾਲਾ ਲਗਾਵਾਂ,
ਕਿ ਅਪਣੇ ਵਕਤ ਦਾ ਮੈਂ ਹਾਂ ਬੁਲਾਰਾ।

ਅਜੇ ਨਾ ਮਰਮ ਇਸਦਾ ਜਾਣ ਸਕਿਆਂ,
ਕਿ ਮਨ ਅਪਣਾ ਨਹੀਂ ਪਹਿਚਾਣ ਸਕਿਆਂ,
ਕਿਸੇ ਪਲ ਹੋ ਗਿਆ ਪੱਥਰ ਕਦੇ ਜੇ,
ਇਹ ਅਗਲੇ ਪਲ ਹੀ ਹੋ ਜਾਂਦਾ ਹੈ ਪਾਰਾ।

ਮੈਂ ਅਪਣੇ ਹੌਂਸਲੇ ਨੂੰ ਪਰਖਣਾ ਹੈ,
ਅਜੇ ਤਾਂ ਦੂਰ ਤੀਕਰ ਤੈਰਨਾ ਹੈ,
ਕਿਨਾਰਾ ਦਿਸ ਰਿਹੈ ਭਾਵੇਂ ਅਹੁ ਸਾਹਵੇਂ,
ਕਿਨਾਰੇ ਤੋਂ ਮੈਂ ਕਰ ਲੈਣਾ ਕਿਨਾਰਾ।

ਹੁਣੇ ਜੋ ਉਡ ਰਿਹਾ ਸੀ ਅਰਸ਼ ਉੱਤੇ,
ਅਚਾਨਕ ਡਿਗ ਪਿਆ ਉਹ ਫਰਸ਼ ਉੱਤੇ,
ਜ਼ਰਾ ਇਕ ਠੇਸ ਕੀ ਲੱਗੀ ਕਿ ਫਟਿਆ,
ਬੜਾ ਫੁੱਲਿਆ ਸੀ ਹਉਮੈ ਦਾ ਗੁਬਾਰਾ।

ਜਿਨ੍ਹਾਂ ਦੇ ਮਨ ਦੇ ਵਿੱਚ ਬੇਚੈਨੀਆਂ ਨੇ,
ਬਦਲਦੇ ਨੇ ਸਦਾ ਹਾਲਾਤ ਓਹੀ,
ਕਿ ਨੀਂਦਰ ਚੈਨ ਦੀ ਸੌਂਦੇ ਨੇ ਜਿਹੜੇ,
ਉਨ੍ਹਾਂ ਨੂੰ ਚੈਨ ਕਰ ਦਿੰਦਾ ਨਕਾਰਾ।

ਉਹ ਜਿਸਨੂੰ ਹਾਦਸਾ ਕਹਿੰਦਾ ਰਿਹਾ ਸੀ,
ਉਹ ਉਸਦੇ ਵਾਸਤੇ ਵਰਦਾਨ ਹੋਇਐ,
ਉਦੋਂ ਉਹ ਆਪਣੇ ਪੈਰੀਂ ਖੜੋਤਾ,
ਜਦੋਂ ਦਾ ਖੁੱਸਿਆ ਉਸਦਾ ਸਹਾਰਾ।

ਅਨੇਕਾਂ ਖਾਮੀਆਂ, ਕਮਜ਼ੋਰੀਆਂ ਨੇ,
ਤੇਰੇ ਦਾਮਨ 'ਚ ਸੈਆਂ ਮੋਰੀਆਂ ਨੇ,
ਲਿਖੇਂਗਾ ਕ੍ਰਿਸ਼ਨ ਕੀ ਆਤਮ-ਕਥਾ ਤੂੰ,
ਕਿ ਕੋਰਾ ਸੱਚ ਕਹਿਣਾ ਕਦ ਗਵਾਰਾ।

ਰਿਸ਼ੀ ਹੈ, ਮਨ 'ਚ ਜੇ, ਹਉਮੈਂ ਨੂੰ ਥਾਂ ਨਹੀਂ ਮਿਲਦੀ,
ਬੁਲੰਦ ਉੱਡਦੇ ਪੰਛੀ ਦੀ ਛਾਂ ਨਹੀਂ ਮਿਲਦੀ।

ਹਰੇਕ ਸਿੱਪ ਵਿੱਚ ਮੋਤੀ ਭਲਾ, ਕਦੋਂ ਮਿਲਦੈ?
ਜਣੇ ਖਣੇ ਨੂੰ ਤਾਂ ਸੰਵੇਦਨਾ ਨਹੀਂ ਮਿਲਦੀ।

ਅਨੇਕ ਮਨ 'ਚ ਉਹ ਪਰਤਾਂ ਵੀ ਨੇ ਕਿ ਜੀਹਨਾਂ ਦੀ,
ਕਿਸੇ ਕਿਤਾਬ ਦੇ ਵਿਚ ਦਾਸਤਾਂ ਨਹੀਂ ਮਿਲਦੀ।

ਮਸੂਮ ਬਚਪਨੇ ਵਿਚ ਹੀ ਕਿਤੇ ਗਵਾ ਬੈਠਾਂ,
ਕਿ ਚੈਨ ਦਿਲ ਨੂੰ ਕਿਤੋਂ ਭਾਲਿਆਂ ਨਹੀਂ ਮਿਲਦੀ।

ਉਡੀਕ ਉਮਰ ਦੀ ਦਰਕਾਰ ਹੈ ਮੁਹੱਬਤ ਨੂੰ,
ਇਹ ਭੀਖ ਵਾਂਗਰਾਂ ਤਾਂ ਮੰਗਿਆਂ, ਨਹੀਂ ਮਿਲਦੀ।

ਗ਼ਜ਼ਲ ਮੈਂ ਕਹਿਣ ਤਾਂ ਲੱਗਿਆਂ ਹਾਂ ਪਰ, ਚਲੋ ਦੇਖੋ,
ਪਤਾ ਨ ਸਫਲਤਾ ਮਿਲਦੀ ਹੈ ਜਾਂ ਨਹੀਂ ਮਿਲਦੀ।

ਇਹ ਵਹਿਮ ਪਾਲਦਾ ਹੈਂ ਕ੍ਰਿਸ਼ਨ ਤੂੰ ਕਵੀ ਕਾਹਦਾ,
ਜ਼ਰਾ ਜੇ ਪਾਠਕਾਂ ਦੇ ਮਨ 'ਚ ਥਾਂ ਨਹੀਂ ਮਿਲਦੀ।

ਨ ਦਿਲ ਨੂੰ ਚੈਨ ਮਿਲਦਾ ਹੈ ਹਰਿਕ ਪਲ, ਦਰਦ ਰਹਿੰਦਾ ਹੈ।
ਜਦੋਂ ਭਰਦਾ ਹੈ ਮਨ, ਸੰਵੇਦਨਾ ਦਾ ਵਹਿਣ ਵਹਿੰਦਾ ਹੈ।

ਨ ਖ਼ਿਆਲਾਂ ਦੀ ਬੁਲੰਦੀ 'ਤੇ ਕਦੇ ਮੈਂ ਪਹੁੰਚ ਸਕਿਆਂ ਹਾਂ,
ਕਿ ਮੇਰੀ ਸੋਚ ਦਾ ਅੰਬਰ ਕਦੇ ਮੈਥੋਂ ਨ ਗਹਿੰਦਾ ਹੇ।

ਬੜਾ ਕੁਝ ਕਹਿ ਲਿਆ ਹੈ ਕਹਿਣ ਨੂੰ ਭਾਵੇਂ ਮੈਂ ਹੁਣ ਤੀਕਰ,
ਬੜਾ ਕੁਝ ਹੈ ਅਜੇ ਜੋ ਅਣਕਿਹਾ ਹੀ ਦਿਲ 'ਚ ਰਹਿੰਦਾ ਹੈ।

ਬੜੀ ਬੇਰਹਿਮ ਹੈ, ਸੰਵੇਦਨਾ ਦੇ ਦਰਦ ਦਾ ਖ਼ੰਜਰ,
ਜ਼ਿਬਾਹ ਕਰਦੈ, ਨ ਇੱਕੋ ਵਾਰ ਹੀ ਇਹ ਦਿਲ 'ਚ ਲਹਿੰਦਾ ਹੈ ।

ਬੜਾ ਸਿਦਕੀ ਹੈ ਮਨ , ਇਕ ਪਲ ਨਿਚੱਲਾ ਬੈਠ ਨਾ ਸਕਦਾ,
ਕਦੇ ਡਿਗਦੈ, ਕਦੇ ਢਹਿੰਦੈ ਤੇ ਮੁੜ ਮੁੜ ਉੱਠ ਬਹਿੰਦਾ ਹੈ।

ਜਦੋਂ ਵੀ ਮਨ 'ਚ ਮੇਰੇ ਸੋਚ ਮੈਲ਼ੀ ਹੋਣ ਲਗਦੀ ਹੈ,
ਮਿਰਾ ਅੰਤਹਕਰਣ ਓਸੇ ਹੀ ਪਲ ਆ ਲੜਨ ਡਹਿੰਦਾ ਹੈ।

ਕਦੇ ਨਾ ਆਖ ਸਕਦਾ ਕ੍ਰਿਸ਼ਨ ਗਾਥਾ ਜੀਵ ਸੂਖਮ ਦੀ,
ਜੁ ਮੋਤੀ ਹੋਣ ਤਕ ਸਿੱਪੀ 'ਚ ਕਿੰਨੇ ਦਰਦ ਸਹਿੰਦਾ ਹੈ।

■

*ਮਿਲੀ ਸਾਹਾਂ ਦੀ ਜੋ ਪੂੰਜੀ, ਅਦਾ ਕਰ ਜਾਣ ਦੀ ਇੱਛਾ।*
*ਨ ਮੁਕਤੀ ਦੀ ਤਮੰਨਾ ਹੈ, ਨਹੀਂ ਨਿਰਵਾਣ ਦੀ ਇੱਛਾ।*

*ਇਹ ਪੰਖੇਰੂ ਉਡੇ ਸਾਹਾਂ ਦਾ ਮੇਰਾ , ਤੁਰਦਿਆਂ ਹੋਇਆਂ ,*
*ਮੁਸਾਫ਼ਰ ਜ਼ਿੰਦਗੀ ਦਾ ਹਾਂ, ਨਹੀਂ ਸੁਸਤਾਣ ਦੀ ਇੱਛਾ।*

*ਅਸੀਂ ਬਦਨਾਮ ਕਰ ਦਿੱਤਾ ਹੈ ਕਿਉਂ ਮਾਸੂਮ ਚਾਹਤ ਨੂੰ,*
*ਸੁਭਾਵਕ ਹੈ, ਰਹੇ ਹਾਣੀ ਨੂੰ ਅਪਣੇ ਹਾਣ ਦੀ ਇੱਛਾ।*

*ਪੁਰਾਣਾ ਜਰਜਰਾ ਹੋਇਆ ਤਾਂ ਉਸਨੂੰ ਤੋੜਨਾ ਪੈਣਾ,*
*ਬਿਨਾ ਤੋੜੇ ਨ ਹੋ ਸਕਣੀ, ਨਵੇਂ ਨਿਰਮਾਣ ਦੀ ਇੱਛਾ।*

*ਥੁੜਾਂ, ਕਮਜ਼ੋਰੀਆਂ, ਮਜਬੂਰੀਆਂ, ਦੇ ਹੁੰਦਿਆਂ ਹੋਇਆਂ,*
*ਕਦੇ ਮੂੰਹਜ਼ੋਰ ਹੋ ਜਾਂਦੀ ਮਿਰੀ ਮੁਸਕਾਣ ਦੀ ਇੱਛਾ।*

*ਇਹ ਸ਼ਬਦਾਂ ਦੇ ਖਿਡੌਣੇ ਨਾਲ਼ ਅਕਸਰ ਖੇਡਦਾ ਰਹਿੰਦੈ,*
*ਕਿ ਮਨ ਬੱਚਾ ਹੈ, ਰਹਿੰਦੀ ਏਸ ਨੂੰ ਵਰਚਾਣ ਦੀ ਇੱਛਾ।*

*ਇਹ ਤੈਨੂੰ ਤੇਰੀਆਂ ਨਜ਼ਰਾਂ ਦੇ ਵਿੱਚੋਂ ਨਾ ਗਿਰਾ ਦੇਵੇ,*
*ਕਿਸੇ ਹੀਲੇ , ਵਸੀਲੇ ਕ੍ਰਿਸ਼ਨ, ਸ਼ੁਹਰਤ ਪਾਣ ਦੀ ਇੱਛਾ*

ਉਨ੍ਹਾਂ ਦੇ ਮੈਂ ਨ ਕਿਉਂ ਕੁਰਬਾਨ ਜਾਵਾਂ,
ਜਿਨ੍ਹਾਂ ਨੇ ਕੌਮ 'ਤੇ ਅਹਿਸਾਨ ਕੀਤਾ।
ਨ ਮੰਨੀ ਹਾਕਮਾਂ ਦੀ ਈਨ ਹਰਗਿਜ਼,
ਤੇ ਆਪਾ ਘੋਲ ਵਿਚ ਕੁਰਬਾਨ ਕੀਤਾ।

ਉਨ੍ਹਾਂ ਨੇ ਮੰਦਰਾਂ ਵਿਚ ਦੀਪ ਬਾਲ਼ੇ,
ਜਿਨ੍ਹਾਂ ਦੇ ਆਪਣੇ ਦਿਲ ਹੈਨ ਕਾਲ਼ੇ,
ਹਨੇਰੀ ਰੱਖ ਕੇ ਨਗਰੀ ਅਯੁੱਧਿਆ,
ਉਨ੍ਹਾਂ ਨੇ ਰਾਮ ਦਾ ਅਪਮਾਨ ਕੀਤਾ।

ਫ਼ਲਸਫ਼ਾ ਅਮਲ ਦੇ ਵਿਚ ਆਜ਼ਮਾਇਆ,
ਜਿਨ੍ਹਾਂ ਨੇ ਬਾਜ਼ ਚਿੜੀਆਂ ਤੋਂ ਤੁੜਾਇਆ,
ਤੇ ਮਾਲਿਕ ਭਾਗੋਆਂ ਨੂੰ ਹੈ ਭਜਾਇਆ,
ਤੇ ਲਾਲੋ ਦਾ ਬੁਲੰਦ ਸਨਮਾਨ ਕੀਤਾ।

ਜਦੋਂ ਹੁਣ ਡੋਲਿਆ ਤੇਰਾ ਸਿੰਘਾਸਣ,
ਤੂੰ ਅਪਣੇ ਢੌਂਗ ਨੂੰ ਕਹਿੰਨੈ ਤਪੱਸਿਆ,
ਕਿਵੇਂ ਭੁੱਲ ਜਾਣ ਧਰਤੀ-ਪੁੱਤਰਾਂ ਦੇ,
ਲਹੂ ਦੇ ਨਾਲ਼ ਤੂੰ ਇਸ਼ਨਾਨ ਕੀਤਾ।

ਲਹੂ ਲੱਗਾ ਹੈ ਮੂੰਹ ਵਿਗਿਆਪਨਾਂ ਦਾ,
ਲਹੂ ਜਿਉਂ ਹੋ ਗਿਆ ਚਿੱਟਾ ਉਨ੍ਹਾਂ ਦਾ
ਉਹ ਪੱਤਰਕਾਰ ਚਾਕਰ ਹਾਕਮਾਂ ਦੇ,
ਤੇ ਗਿਰਵੀ ਆਪਣਾ ਈਮਾਨ ਕੀਤਾ।

ਬੜਾ ਹਸਦਾ ਸੀ ਚਿੜੀਆਂ ਦੇ ਮਰਨ 'ਤੇ,
ਉਡਣ ਲੱਗੀਆਂ ਨੇ ਚਿਹਰੇ ਤੋਂ ਹਵਾਈਆਂ,
ਜਦੋਂ ਉਹ ਝੁੰਡ ਬਣ ਕੇ ਅੜ ਖੜੋਈਆਂ,
ਸ਼ਿਕਾਰੀ ਨੂੰ ਕਿਵੇਂ ਭੈਅਮਾਨ ਕੀਤਾ।

ਇਨ੍ਹਾਂ ਦੇ ਹੌਸਲੇ ਦੀ ਦਾਦ ਦੇਵੋ,
ਇਨ੍ਹਾਂ ਅੱਟਣਾ ਭਰੇ ਹੱਥਾਂ ਨੇ ਦੇਖੋ,
ਲਗਾਇਆ ਕਾਰਪੋਰੇਟਾਂ ਨ ਆਢਾ,
ਅਸਾਵੇਂ ਯੁੱਧ ਦਾ ਐਲਾਨ ਕੀਤਾ।

ਕਦੇ ਦਰਿਆ ਲਹੂ ਦਾ ਨਾ ਵਹਾਵੇ,
ਨਹੀਂ ਉਹ ਧਰਮ ਜੋ ਨਫ਼ਰਤ ਸਿਖਾਵੇ,
ਕਰੋ ਨਾ ਦੇਰ ਰਖਵਾਲਾ ਹਟਾਵੋ,
ਕਿ ਜਿਸ ਨੇ ਬਾਗ਼ ਬੀਆਬਾਨ ਕੀਤਾ।

ਬੁਲੰਦੀ ਦੀ ਨ ਸੀਮਾ ਕ੍ਰਿਸ਼ਨ ਕੋਈ,
ਮਿਰੀ ਪਰਵਾਜ਼ ਤਾਂ ਸੀਮਤ ਜਹੀ ਹੈ,
ਤੁਸੀਂ ਥੋੜੇ ਨੂੰ ਬਹੁਤਾ ਕਰਕੇ ਜਾਣੋ,
ਮੈਂ ਜਿੰਨੇ ਯੋਗ ਸੀ, ਪਰਦਾਨ ਕੀਤਾ।

[redacted]

ਸਾਹਮਣੇ ਤੇਰੇ ਪਿਆ ਵਿਛਿਆ, ਅਸੀਮਤ ਆਸਮਾਨ।
ਸੋਚ ਤੂੰ, ਕਿੰਨੀ ਬੁਲੰਦੀ ਤੀਕ ਭਰ ਸਕਦੈਂ ਉਡਾਨ।

ਆਦਮੀ ਸਦੀਆਂ ਤੋਂ ਸੁਪਨੇ ਉਡਣ ਦੇ ਲੈਂਦਾ ਰਿਹਾ,
ਤਾਂ ਯੁਗਾਂ ਮਗਰੋਂ ਕਿਤੇ ਬਣਿਆ, ਸੁਪਰ-ਸੌਨਿਕ ਵਿਮਾਨ।

ਰੰਗ, ਨਸਲਾਂ, ਜਾਤੀਆਂ, ਮਜ਼੍ਹਬਾਂ, ਦੇ ਨਾਂ ’ਤੇ ਲੁੱਟਦਾ,
ਇਹ ਨਹੀਂ ਲੋਕਾਂ ਦਾ ਰਾਹਬਰ, ਇਹ ਲੁਟੇਰਾ ਹੁਕਮਰਾਨ।

ਜੇ ਨਿਕੰਮਾ ਹੋ ਗਿਆ ਤਾਂ, ਬਦਲਣਾ ਪੈਣਾ ਨਿਜ਼ਾਮ,
ਸੜ ਰਿਹਾ ਸੜਕਾਂ ’ਤੇ ਆਲੂ, ਰੁਲ਼ ਰਿਹਾ ਖੇਤਾਂ ’ਚ ਧਾਨ।

ਚੈਟ ’ਤੇ ਲੱਗੇ ਨੇ ਸਾਰੇ ਅਜਨਬੀ ਲੋਕਾਂ ਦੇ ਨਾਲ਼,
ਘਰ ਬਜ਼ੁਰਗਾਂ ਨਾਲ਼ ਬੱਚੇ ਨਾ ਕਰਨ ਸਾਝੀਂ ਜ਼ੁਬਾਨ।

ਰੰਗ, ਨਸਲਾਂ, ਜਾਤੀਆਂ ਤੇ ਮਜ਼੍ਹਬ ਮਿਲ ਬਹਿੰਦੇ ਜਦੋਂ,
ਤੋੜ ਦਿੰਦੇ ਨੇ ਹੁਕਮਰਾਨਾਂ ਦਾ ਮਿਲ਼ ਕੇ ਉਹ ਗ਼ੁਮਾਨ।

ਹੁਕਮ ਜੋ ਕਰਦੀ ਹੈ ਮੈਂ ਨਾਬਰ ਨ ਉਸ ਤੋਂ ਹੋ ਸਕਾਂ,
ਕ੍ਰਿਸ਼ਨ ਹੈ ਮੁੱਢੋਂ ਜ਼ਮੀਰ ਅਪਣੀ ਮਿਰੀ ਹਾਈ-ਕਮਾਨ।

ਇਹ ਤਨਹਾਈ ਨੂੰ ਰਹਿੰਦਾ ਟਾਲ਼ਦਾ ਹੈ।
ਕਿ ਮਨ ਹਰ ਪਲ ਰੁਝੇਵਾਂ ਭਾਲ਼ਦਾ ਹੈ।

ਅਚਨਚੇਤੇ ਹੀ ਕੋਈ ਖ਼ਿਆਲ ਆ ਕੇ,
ਹਨੇਰੇ ਮਨ 'ਚ ਦੀਵਾ ਬਾਲ਼ਦਾ ਹੈ।

ਲਿਖਾਰੀ ਵੀ ਕਰੇ ਸ਼ਬਦਾਂ ਦੀ ਖੇਤੀ,
ਜਿਵੇਂ ਕਿਰਸਾਣ ਫ਼ਸਲਾਂ ਪਾਲ਼ਦਾ ਹੈ।

ਇਵੇਂ ਲਗਦੈ ਜਦੋਂ ਨਾ ਸ਼ਬਦ ਅਹੁੜਨ,
ਕਿ ਪਾਣੀ ਮਰ ਗਿਆ ਜਿਉਂ ਖ਼ਾਲ਼ ਦਾ ਹੈ।

ਇਹ ਸ਼ਾਇਰ ਮਨ ਹੈ ਗੋਤਾਖੋਰ ਜੀਕਣ,
ਸਮੁੰਦਰ ਸੋਚ ਦਾ ਹੰਘਾਲ਼ਦਾ ਹੈ।

ਕਿਵੇਂ ਹਉਮੈ ਦੇ ਵਿੱਚੋਂ ਬਾਹਰ ਨਿਕਲਾਂ,
ਸਿਰਾ ਮਿਲ਼ਦਾ ਨ ਕੋਈ ਜਾਲ਼ ਦਾ ਹੈ।

ਉਹ ਅਪਣੇ ਵਾਸਤੇ ਫੁੱਲ ਤੋੜ ਲੈਂਦਾ,
ਨ ਕੋਈ ਹਾਲ ਪੁਛਦਾ ਡਾਲ਼ ਦਾ ਹੈ।

ਨ ਪੁੱਛੋ ਉਮਰ ਮੇਰੀ ਪੀੜ ਦੀ ਬਸ,
ਜਨਮ ਇਸ ਦਾ ਵੀ ਮੇਰੇ ਨਾਲ਼ ਦਾ ਹੈ।

ਲੁਟਾ ਦਿੰਦਾ ਹੈ ਸਾਰੀ ਕ੍ਰਿਸ਼ਨ ਖ਼ੁਸ਼ਬੂ,
ਕਿ ਫੁੱਲ ਖ਼ੁਸ਼ਬੂ ਕਦੋਂ ਸੰਭਾਲ਼ਦਾ ਹੈ।

ਇਹ ਮਿਰੀ ਧੜਕਣ 'ਚ ਧੜਕੇ, ਇਹ ਮਿਰੇ ਸਾਹਾਂ 'ਚ ਹੈ।
ਸ਼ਾਇਰੀ ਮੇਰੇ ਲਹੂ ਵਿਚ, ਮਹਿਕ ਜਿਉਂ ਫੁੱਲਾਂ 'ਚ ਹੈ।

ਲਿਖਣ ਵਾਲ਼ਾ ਨਾ ਰਹੇ, ਪਰ ਸ਼ਬਦ ਨਾ ਮਰਦੇ ਕਦੇ,
ਪਹੁੰਚਦਾ ਉਸਦਾ ਸੁਨੇਹਾ, ਆਉਂਦੀਆਂ ਨਸਲਾਂ 'ਚ ਹੈ।

ਮੈਂ ਕਰਾਂ ਸ਼ਬਦਾਂ ਹਵਾਲੇ, ਆਪਣੀ ਸੰਵੇਦਨਾ,
ਨਾਂ ਬਣੇ ਭਾਵੇਂ ਨਾ ਮੇਰਾ, ਰੱਖਿਆ ਕੀ ਨਾਂ 'ਚ ਹੈ।

ਤੂੰ ਕਿਸੇ ਬੰਨੇ ਤਾਂ ਲਾਉਂਦਾ, ਇਸ ਤਰ੍ਹਾਂ ਕਿਉਂ ਭਟਕਦਾ,
ਰਾਹਬਰਾ ਓ ਬੇਈਮਾਨਾ ਕਾਫ਼ਲਾ ਰਾਹਾਂ 'ਚ ਹੈ।

ਤੁਰ ਗਏ ਅੱਗੇ ਮੁਸਾਫ਼ਿਰ, ਤਪ ਰਹੀ ਦੋਪਹਿਰ ਵਿਚ,
ਰਹਿ ਗਿਆ ਸੁੱਤਾ ਪਿਆ, ਜਿਹੜਾ ਮੁਸਾਫ਼ਿਰ ਛਾਂ 'ਚ ਹੈ।

ਨਾ ਪਿਆ ਕਮਬਖ਼ਤ ਉੱਤੇ ਉਮਰ ਦਾ ਕੋਈ ਅਸਰ,
ਜਿਸਮ ਬੁੱਢਾ ਹੋ ਗਿਆ ਹੈ, ਮਨ ਅਜੇ ਰੰਗਾਂ 'ਚ ਹੈ।

ਬੰਸਰੀ-ਵਾਦਕ ਦੇ ਪੋਟੇ, ਬੰਸਰੀ ਤੇ ਲਰਜ਼ਦੇ,
ਹੂਕ ਰੂਹ ਚੋਂ ਉਠਦੀ ਜੋ, ਵਹਿ ਰਹੀ ਤਾਨਾਂ 'ਚ ਹੈ।

ਚੱਲਿਆ ਸੀ ਤੂੰ ਇਕੱਲਾ, ਕਾਫ਼ਲਾ ਜੁੜਦਾ ਗਿਆ,
ਕ੍ਰਿਸ਼ਨ ਹੁਣ ਤੇਰਾ ਘਰਾਣਾ ਕਿੰਨਿਆਂ ਮੁਲਕਾਂ 'ਚ ਹੈ।

ਮਿਲੇ ਕੋਲੇ ਦੀਆਂ ਖਾਣਾਂ 'ਚ ਹੀਰਾ,
ਤੇ ਜੀਕਣ ਗੋਦੜੀ ਵਿੱਚ ਲਾਲ ਹੁੰਦੈ,
ਕਿਸੇ ਸਿੱਪੀ 'ਚ ਜਿਉਂ ਮੋਤੀ ਮਿਲੇ ਇਉਂ,
ਕਦੇ ਹੀ ਖ਼ੂਬਸੂਰਤ ਖ਼ਿਆਲ ਹੁੰਦੈ।

ਪਲੋ ਪਲ ਬਦਲਦੀ ਮਨ ਦੀ ਅਵਸਥਾ,
ਕਿਸੇ ਪਲ ਤਾਰੇ ਵੀ ਜਾਪਣ ਅੰਗਾਰੇ,
ਕਿਸੇ ਪਲ ਜਾਪਦੇ ਨੇ ਜ਼ਖ਼ਮ ਦਿਲ ਦੇ,
ਕਿਸੇ ਪਲ ਮੋਤੀਆਂ ਦਾ ਥਾਲ਼ ਹੁੰਦੈ।

ਜਦੋਂ ਮਨ ਆਪਣੀ ਆਈ 'ਤੇ ਆਵੇ,
ਇਹ ਦੁਖੜਾ ਪਰਬਤੋਂ ਭਾਰਾ ਸਹਾਰੇ,
ਕਦੇ ਉਹ ਵਕਤ ਵੀ ਆਉਂਦੈ ਕਿ ਇਸ ਤੋਂ,
ਨਹੀਂ ਇਕ ਅੱਥਰੂ ਸੰਭਾਲ਼ ਹੁੰਦੈ।

ਚਲਾ ਜਾਵੇ ਕਿਤੇ ਵੀ ਬਾਲ ਭਾਵੇਂ,
ਸ਼ਨਾਖ਼ਤ ਆਪਣੀ ਮਾਂ ਨਾਲ਼ ਹੁੰਦੀ,
ਤੇ ਮਾਂ ਬੋਲੀ ਤੋਂ ਮੁਨਕਰ ਹੋ ਗਿਆ ਜੋ,
ਉਹ ਅਪਣੀ ਮਾਂ ਨੂੰ ਕੱਢੀ ਗਾਲ਼ ਹੁੰਦੈ।

ਸੁਰੱਖਿਅਤ ਭਾਲ਼ ਕੇ ਕੋਈ ਟਿਕਾਣਾ,
ਕਿਸੇ ਦਾ ਓਸ ਥਾਵੇਂ ਬੈਠ ਜਾਣਾ,
ਉਹ ਭੁਲ ਜਾਵੇ ਨਾ ਮੰਜ਼ਿਲ ਆਖਰੀ ਇਹ,
ਕਿ ਜੀਵਨ ਤਾਂ ਨਿਰੰਤਰ ਭਾਲ ਹੁੰਦੈ।

ਬੜਾ ਔਖਾ ਹੈ ਦੀਵੇ ਵਾਂਗ ਬਲਣਾ,
ਤੇ ਸੌਖਾ ਹੈ ਹਨੇਰੇ ਵਿੱਚ ਰਹਿਣਾ,
ਕਿ ਪੈਂਦਾ ਹੈ ਨਿਰੰਤਰ ਸੇਕ ਸਹਿਣਾ,
ਲਹੂ ਅਪਣਾ ਨਿਰੰਤਰ ਬਾਲ਼ ਹੁੰਦੈ।

ਚਲੋ ਮੰਨਿਆਂ ਦਲੀਲਾਂ, ਤਰਕ ਦੇ ਕੇ,
ਜ਼ਮਾਨੇ ਨੂੰ ਤੂੰ ਧੋਖਾ ਕ੍ਰਿਸ਼ਨ ਦੇਵੇਂ,
ਮਿਲਾਵੇਂਗਾ ਕਿਵੇਂ ਉਸ ਨਾਲ਼ ਨਜ਼ਰਾਂ,
ਕਿ ਅੰਤਹਕਰਣ ਅਪਣਾ ਨਾਲ਼ ਹੁੰਦੈ।

ਪੌਣਾਂ ਨੂੰ ਗੰਢ ਦੇਣੀ, ਕੱਖਾਂ ’ਚ ਅੱਗ ਲੁਕਾਉਣੀ।
ਮੁਸ਼ਕਲ ਹੈ ਰੀਝ ਦਿਲ ਦੀ, ਦਿਲ ਵਿੱਚ ਹੀ ਦਬਾਉਣੀ।

ਉਹਨਾਂ ਨੂੰ ਮੂੰਹ ਨ ਲਾਉਣਾ, ਮੂੰਹ ਦੀ ਉਹ ਖਾਣਗੇ ਹੀ,
ਚਾਹੁੰਦੇ ਨੇ ਲੋਕ ਜਿਹੜੇ, ਪਾਣੀ ’ਚ ਲੀਕ ਪਾਉਣੀ।

ਥਿੰਧੇ ਘੜੇ ’ਤੇ ਕੀਕਣ, ਪਾਣੀ ਦੀ ਬੂੰਦ ਠਹਿਰੇ,
ਐਵੇਂ ਨ ਸਿਰ ਖਪਾ ਤੂੰ, ਤੈਨੂੰ ਨਾ ਸਮਝ ਆਉਣੀ।

ਮੱਖਣ ਨ ਹੱਥ ਆਵੇ, ਪਾਣੀ ਵਰੋਲਕੇ ਇਉਂ,
ਸੰਭਵ ਕਦੇ ਨਾ ਹੁੰਦੀ, ਤਲ਼ੀਏਂ ਸਰੋਂ ਜਮਾਉਣੀ।

ਤੇਰੇ ਘਰੇ ਵੀ ਇਕ ਦਿਨ, ਲਗਣਾ ਹੈ ਸੇਕ ਇਸਦਾ,
ਜੇਕਰ ਤੂੰ ਨਾਲ਼ ਦੇ ਘਰ, ਸੋਚੇਂਗਾ ਅੱਗ ਲਾਉਣੀ।

ਥੁਕਦਾ ਏਂ ਮੋਢਿਆਂ ਤੋਂ, ਤੇਰਾ ਕਸੂਰ ਨਾ ਹੈ,
ਹੁੰਦੀ ਹੈ ਇਹ ਜਵਾਨੀ, ਕੁਛ ਦੇਰ ਦੀ ਪ੍ਰਾਹੁਣੀ।

ਐਵੇਂ ਨ ਗ਼ਲ਼ ਬਲਾ ਪਾ, ਰਿੱਝ ਲੈਣ ਦੇ ਢਕੀ ਤੂੰ,
ਹੁੰਦੀ ਨ ਅਕਲਮੰਦੀ, ਸੁੱਤੀ ਕਲ੍ਹਾ ਜਗਾਉਣੀ।

ਸੜ ਜਾਣਗੇ ਕਿਸੇ ਦਿਨ, ਖ਼ੁਦ ਵੀ ਉਹ ਏਸ ਅੱਗ ਵਿਚ,
ਜੋ ਸ਼ੁਗਲ ਪਾਲ਼ਦੇ ਨੇ, ਲਾਉਣੀ ਕਿਤੇ ਬੁਝਾਉਣੀ।

ਤੈਨੂੰ ਵੀ ਕ੍ਰਿਸ਼ਨ ਕਿਧਰੋਂ, ਕੁਛ ਖ਼ੈਰ ਤਾਂ ਪਵੇਗੀ,
ਦਰ ਤੇ ਗਿਆਨੀਆਂ ਦੇ, ਤੂੰ ਅਲਖ਼ ਤਾਂ ਜਗਾਉਣੀ।

■

ਇਸ ਅਦਾ ਦੇ ਨਾਲ਼ ਦਿਲ ਨੂੰ ਹਰਨ ਦਾ ਅੰਦਾਜ਼ ਹੈ।
ਓਸ ਦਾ ਅਪਣਾ ਹੀ ਗੱਲਾਂ ਕਰਨ ਦਾ ਅੰਦਾਜ਼ ਹੈ।

ਡਰਦਿਆਂ ਹੋਇਆਂ ਅਚਾਨਕ ਆਣ ਸੀਨੇ ਲੱਗਣਾ,
ਖ਼ੂਬਸੂਰਤ ਖ਼ੂਬ ਤੇਰਾ ਡਰਨ ਦਾ ਅੰਦਾਜ਼ ਹੈ।

ਜਦ ਕਿਹਾ ਮੈਂ ਸੱਜਣਾ ਕਿ ਮਰ ਗਿਆ ਤੇਰੇ ’ਤੇ ਮੈਂ,
ਬੋਲਿਆ ਹਸ ਕੇ ਕਿ ਵਾਹ ਕੀ ਮਰਨ ਦਾ ਅੰਦਾਜ਼ ਹੈ।

ਜਾਣ ਸਕਦੇ ਨਾ ਕਦੇ ਦਰਿਆ ਦੇ ਤਾਰੂ ਏਸ ਨੂੰ,
ਹੋਰ ਨੈਣਾਂ ਦਾ ਸਮੁੰਦਰ ਤਰਨ ਦਾ ਅੰਦਾਜ਼ ਹੈ।

ਸ਼ਾਇਰੀ ਕੀ, ਹੈ ਹੁਨਰ ਕੀ, ਕ੍ਰਿਸ਼ਨ ਕੁਝ ਨਾ ਜਾਣਦਾ,
ਦਿਲ ਦਿਆਂ ਜ਼ਖ਼ਮਾਂ ਨੂੰ ਇਹ ਤਾ ਭਰਨ ਦਾ ਅੰਦਾਜ਼ ਹੈ।

ਬੁਝਿਆ ਨਹੀਂ ਜੋ ਹਾਲੇ, ਸ਼ੁਅਲਾ ਮੈਂ ਦਹਿਕਦਾ ਹਾਂ।
ਅਹਿਸਾਸ ਧੁਖ ਰਿਹਾ ਇਕ, ਬਲ਼ਦੀ ਸੰਵੇਦਨਾ ਹਾਂ।

ਖਾਮੋਸ਼ ਰਹਿ ਸਕਾਂ ਨਾ, ਸੁਕਰਾਤ ਦਾ ਹਾਂ ਵਾਰਿਸ,
ਹਰ ਯੁਗ 'ਚ ਹਾਕਮਾਂ ਦੇ, ਅੱਖਾਂ 'ਚ ਰੜਕਦਾ ਹਾਂ।

ਪੰਜਾਬ ਦਾ ਮੈਂ ਪੁੱਤਰ, ਏਹੋ ਪਛਾਣ ਮੇਰੀ,
ਸਤਿਲੁਜ, ਬਿਆਸ, ਰਾਵੀ, ਜਿਹਲਮ ਹਾਂ, ਮੈਂ ਝਨਾ ਹਾਂ।

ਜਿਉਂ ਗੁੜ ਦੀ ਪੱਤ ਵਿਚ ਕਣ, ਛੱਤੇ 'ਚ ਸ਼ਹਿਦ ਹੁੰਦੈ,
ਸੱਥਾਂ 'ਚ ਲੋਕ-ਮੱਤ ਜਿਉਂ, ਮੈਂ ਬਿਆਨ ਹਲਫ਼ੀਆ ਹਾਂ।

ਇਕ ਜਿਸਮ ਨਾ ਮੈਂ ਮੁਰਦਾ, ਰੌਸ਼ਨ ਜ਼ਮੀਰ ਮੇਰੀ,
ਪਾਰਾ ਹਾਂ, ਤੜਪਦਾ ਹਾਂ, ਮੈਂ ਦਿਲ ਹਾਂ, ਧੜਕਦਾ ਹਾਂ।

ਮਿੱਟੀ 'ਚ ਰੋਲ਼ ਆਪਾ, ਪੈਦਾ ਮੈਂ ਅੰਨ੍ਹ ਕਰਦਾ,
ਮੈਂ ਕ੍ਰਿਸ਼ਨ ਜਨ-ਅੰਦੋਲਨ, ਇਤਿਹਾਸ ਲਿਖ ਰਿਹਾ ਹਾਂ।

ਉਨ੍ਹਾਂ ਤੇ ਚੱਲ ਕੇ ਸੈਆਂ ਮੁਸਾਫ਼ਰ ਹੋਰ ਆਉਣੇ ਨੇ।
ਮਿਰੇ ਪੈਰਾਂ ਨੇ ਹਾਲੇ ਹੋਰ ਵੀ ਰਸਤੇ ਬਣਾਉਣੇ ਨੇ।

ਨਕਾਰਾ ਬੈਠਣਾ ਮੈਨੂੰ ਗਵਾਰਾ ਹੋ ਨਹੀਂ ਸਕਦਾ,
ਇਨ੍ਹਾਂ ਹੱਥਾਂ ਨੇ ਹਾਲੇ ਤਾਂ ਬੜੇ ਕਾਰਜ ਨਿਭਾਉਣੇ ਨੇ।

ਸਮੇਂ ਦੇ ਹਾਕਮਾਂ ਕੋਲੇ, ਕਲ਼ਮ ਜੋ ਹੋ ਗਈ ਗਿਰਵੀ,
ਕਲ਼ਮ ਗੂੰਗੀ ਨੇ ਲੋਕਾਂ ਦੇ ਕਦੋਂ ਮਸਲੇ ਉਠਾਉਣੇ ਨੇ।

ਉਨ੍ਹਾਂ ਰਫ਼ਤਾਰ ਮੇਰੀ ਹੋਰ ਵੀ ਹੈ ਤੇਜ਼ ਕਰ ਦੇਣੀ,
ਜੋ ਸੁਣਿਆ ਮੈਂ, ਤੁਸੀਂ ਰਾਹੀਂ ਮਿਰੇ ਕੰਡੇ ਵਿਛਾਉਣੇ ਨੇ।

ਇਹ ਚਿੱਟੇ ਨੇ ਜਾਂ ਨੀਲੇ ਨੇ ਜਾਂ ਭਗਵੇਂ ਚੋਲਿਆਂ ਵਾਲ਼ੇ,
ਮਦਾਰੀ ਵਾਂਗ ਇਹਨਾਂ ਲੋਕ ਉਂਗਲਾਂ ’ਤੇ ਨਚਾਉਣੇ ਨੇ।

ਤੁਸੀ ਸਿਰ ਦੇਣ ਤੋਂ ਪਹਿਲਾਂ, ਜ਼ਰਾ ਸਿਰ ਵਰਤ ਕੇ ਦੇਖੋ,
ਕਿਨ੍ਹਾਂ ਦੇ ਵਾਸਤੇ ਅਪਣੇ ਤੁਸਾਂ ਨੇ ਸਿਰ ਕਟਾਉਣੇ ਨੇ।

ਜਿਨ੍ਹਾਂ ਨੂੰ ਚੁਗਦਿਆਂ ਹੋਇਆਂ, ਅਸੀਂ ਪੋਟੇ ਕਰੇ ਜ਼ਖ਼ਮੀ,
ਇਰਾਦਾ ਕਰ ਲਿਆ ਹੈ ਕ੍ਰਿਸ਼ਨ ਉਹ ਕੰਡੇ ਜਲਾਉਣੇ ਨੇ।

ਕਿਧਰੇ ਅਚੇਤ ਮਨ 'ਚ ਹੀ, ਗਹਿਰਾ ਪਿਆ ਰਿਹਾ।
ਥੋੜ੍ਹਾ ਕਿਹਾ ਗਿਆ ਅਜੇ, ਬਹੁਤਾ ਹੈ ਅਣਕਿਹਾ।

ਬਸ ਜ਼ਿੰਦਗੀ ਤੇ ਮੌਤ ਵਿਚ, ਏਨਾ ਕੁ ਫ਼ਾਸਲਾ,
ਜਗਦਾ ਹੁਣੇ ਹੁਣੇ ਜਿਵੇਂ, ਇਕ ਦੀਪ ਬੁਝ ਗਿਆ।

ਮੇਰੇ ਜਿਹਾ ਈ ਦਰਦ ਸੀ, ਹਰ ਇਕ ਦੇ ਦਿਲ 'ਚ ਵੀ,
ਮੈਂ ਦਰਦ ਆਪਣਾ ਕਿਹਾ, ਲੋਕਾਂ ਦਾ ਬਣ ਗਿਆ।

ਬਸ ਪਲ ਕੁ ਵਰਤਮਾਨ ਹੈ, ਸਦੀਆਂ ਦਾ ਭੂਤ-ਕਾਲ,
ਅਪਣਾ ਭਵਿੱਖ ਕਦ, ਕਦੋਂ, ਕਿਸ ਨੇ ਹੈ ਦੇਖਿਆ।

ਲੋਕਾਂ 'ਚ ਦੋਸ਼ ਭਾਲਦੇ ਬੀਤੀ ਹੈ ਉਮਰ ਤਾਂ,
ਅਪਣੇ 'ਚ ਖੋਟ ਸੀ ਕਿਤੇ, ਆਪਾ ਨ ਪਰਖਿਆ।

ਰਹਿੰਦਾ ਸਦਾ ਹਵਾ 'ਚ ਜੋ, ਉਹ ਜੜ੍ਹ ਨਾ ਲਾ ਸਕੇ,
ਪੁੰਗਰੇ ਕਿਵੇਂ ਜੇ ਬੀਜ ਨਾ ਮਿੱਟੀ 'ਚ ਰੋਲ਼ਿਆ।

ਕੁਝ ਸ਼ਿਅਰ ਤੇਰੇ ਜ਼ਿਕਰਯੋਗ, ਹੋਣਗੇ ਜ਼ਰੂਰ,
ਉਸਤਾਦ ਹੋਣ ਦਾ ਤੂੰ ਐਵੇਂ ਭਰਮ ਪਾਲ਼ਿਆ।

ਠੋਕਰਾਂ ਤਾਂ ਲਗਦੀਆਂ ਡਿਗ ਡਿਗ ਕੇ, ਉੱਠਣ ਵਾਸਤੇ।
ਬਹੁਤ ਵਾਰੀ ਹਾਰਨਾ ਪੈਂਦਾ ਹੈ, ਜਿੱਤਣ ਵਾਸਤੇ।

ਫੇਰ ਤੋਂ ਪਰਵਾਜ਼ ਖ਼ਾਤਰ, ਖੰਭ ਤੋਲਣ ਵਾਸਤੇ,
ਮਨ ਪਰਿੰਦਾ ਲੈ ਰਿਹਾ ਦਮ, ਫੇਰ ਉੱਡਣ ਵਾਸਤੇ।

ਜਮਘਟਾ ਪੀੜਾਂ ਦਾ, ਮਨ ਦੇ ਅੰਬਰੀਂ ਚੜ੍ਹਿਆ ਗ਼ੁਬਾਰ,
ਚੜ੍ਹ ਗਈ ਗ਼ਮ ਦੀ ਘਟਾ ਨੈਣਾਂ 'ਚ ਬਰਸਣ ਵਾਸਤੇ।

ਝਾੜ੍ਹਦੀ ਫਿਰਦੀ ਪੁਰਾਣੇ ਪੱਤ ਬਿਰਖਾਂ ਤੋਂ ਖ਼ਿਜ਼ਾਂ,
ਹੋਰ ਨਵੀਂਆਂ ਕੋਪਲਾਂ ਸ਼ਾਖ਼ਾਂ 'ਤੇ ਫੁੱਟਣ ਵਾਸਤੇ।

ਮੰਗਿਆਂ ਮਿਲਦੇ ਨ ਦੋ ਦੋ ਹੱਥ ਕਰਨੇ ਪੈਣਗੇ,
ਜੋੜਦੇ ਓ ਹੱਥ ਕਾਹਨੂੰ, ਹੱਕ ਮੰਗਣ ਵਾਸਤੇ।

ਤੂੰ ਖਿੜੇ ਮੱਥੇ ਸਵਾਗਤ ਕਰ ਇਨ੍ਹਾਂ ਦਾ, ਉੱਠ ਕੇ,
ਮੁਸ਼ਕਲਾਂ ਤਾਂ ਆਉਂਦੀਆਂ ਨੇ, ਸਿਦਕ ਪਰਖਣ ਵਾਸਤੇ।

ਵਿਦਵਤਾ ਅਪਣੀ ਮਨਾਉਣੇ ਵਾਸਤੇ ਨਾ ਬਹਿਸਣਾ,
ਕ੍ਰਿਸ਼ਨ ਛੇੜੋ ਵਾਰਤਾ ਸੰਵਾਦ ਸਿਰਜਣ ਵਾਸਤੇ।

ਮਿੱਟੀ, ਅਗਨ, ਆਕਾਸ਼, ਪੌਣ, ਜਲ ਪੁਕਾਰਦੇ।
ਅਪਣੇ ਸਿਰੋਂ ਵਜੂਦ ਦਾ ਕੁਝ ਰਿਣ ਉਤਾਰਦੇ।

ਹੁਣ ਜਾਗਰੂਕ ਹੋ ਰਹੇ, ਕਿਰਤੀ, ਕਿਸਾਨ ਰੋਜ਼,
ਹੁਣ ਪੈਰ ਪੈਰ ਹਾਕਮਾਂ ਤਾਈਂ ਵੰਗਾਰਦੇ।

ਮੇਰੇ ਤਾਂ ਸ਼ਬਦ ਵਕਤ ਦੇ ਨੇ ਸਿਰਫ਼ ਤਰਜ਼ਮਾਨ,
ਘਟਨਾ-ਕਰਮ ਜੁ ਵਾਪਰੇ ਉਸ ਨੂੰ ਚਿਤਾਰਦੇ।

ਸਦੀਆਂ ਦਾ ਰੋਸ ਜਦ ਬਣੇ ਸੈਲਾਬ ਅੰਤ ਨੂੰ,
ਨਾ ਤਖ਼ਤ-ਤਾਜ਼ ਅੜ ਸਕਣ ਮੂਹਰੇ ਜਵਾਰ ਦੇ।

ਉਹਨਾਂ ਦਾ ਦੇਣ ਕੀ ਦਿਆਂ, ਕਰ ਦੇਣ ਚਾਲ ਤੇਜ਼,
ਰਸਤੇ ਮਿਰੇ 'ਚ ਨਿੱਤ ਜੋ ਕੰਡੇ ਖਿਲਾਰਦੇ।

ਪਾਉਂਦਾ ਹੈ ਮੁੱਲ ਹਰ ਕੋਈ ਅਪਣੇ ਹਿਸਾਬ ਨਾਲ਼,
ਹੁਣ ਤਾਂ ਜਣਾ ਖਣਾ ਖੜ੍ਹਾ ਹੈ, ਵਿਚ ਬਾਜ਼ਾਰ ਦੇ।

ਸੁਣਦੇ ਹਾਂ ਕ੍ਰਿਸ਼ਨ ਦੇਰ ਤੋਂ, ਆਉਣਾ ਹੈ ਇਨਕਲਾਬ,
ਦਰਸ਼ਕ ਅਸੀਂ ਵੀ ਬਣ ਗਏ ਇਸ ਚਮਤਕਾਰ ਦੇ।

■

ਰਾਖੇ ਅਸੀਂ ਤਾਂ ਰੱਖੇ, ਘਰ ਸੰਨ੍ਹ ਲਾਉਣ ਵਾਲ਼ੇ।
ਖ਼ੁਦ ਹੀ ਹਾਂ ਲੋਟੂਆਂ ਨੂੰ, ਕੁਰਸੀ ਬਹਾਉਣ ਵਾਲ਼ੇ।

ਨਫ਼ਰਤ ਦੇ ਇਹ ਵਪਾਰੀ, ਦੰਗੇ ਕਰਾਉਣ ਵਾਲ਼ੇ,
ਲਾਸ਼ਾਂ ਦੇ ਢੇਰ ਉੱਤੇ, ਕੁਰਸੀ ਟਿਕਾਉਣ ਵਾਲ਼ੇ।

ਮੂੰਹ ਤੇ ਹੈ ਰਾਮ ਦਾ ਨਾਂ , ਰੱਖਣ ਛੁਰੀ ਬਗ਼ਲ ਵਿਚ,
ਨਿਸਦਿਨ ਲਹੂ 'ਚ ਨ੍ਹਾਉਂਦੇ, ਗੰਗਾ ਨਹਾਉਣ ਵਾਲ਼ੇ।

ਲੋਕਾਂ ਦੇ ਤਾਂ ਕਦੇ ਵੀ, ਦਿਨ ਆਉਣਗੇ ਨ ਅੱਛੇ,
ਬਸ ਹੁਕਮਰਾਨ ਤਾਂ ਇਹ, ਜੁਮਲੇ ਸੁਣਾਉਣ ਵਾਲ਼ੇ।

ਏਦਾਂ ਵਸੂਲਦੇ ਨੇ, ਇਹ ਕੱਫ਼ਣਾਂ ਦੀ ਕੀਮਤ,
ਹਮਲੇ ਇਹ ਸਰਹੱਦਾਂ 'ਤੇ, ਆਪੇ ਕਰਾਉਣ ਵਾਲ਼ੇ।

ਬੰਨ੍ਹੇ ਸਿਰਾਂ 'ਤੇ ਕੱਫਣ, ਹੁਣ ਧਰਤ-ਪੁੱਤਰਾਂ ਨੇ,
ਏਹੀ ਨੇ ਜ਼ਾਲਿਮਾਂ ਦੀ, ਕੁਰਸੀ ਹਿਲਾਉਣ ਵਾਲ਼ੇ।

ਬਣਾਉਣਾ ਲੋਚਦੇ ਲੋਕਾਂ ਨੂੰ ਉਹ, ਲਾਚਾਰ-ਜੀਵੀ।
ਲੁਟੇਰੇ ਸੋਚਦੇ, ਬਣ ਜਾਣ ਉਹ ਭੰਡਾਰ-ਜੀਵੀ।

ਕਿਤੇ ਦੰਗੇ, ਕਿਤੇ ਜੰਗਾਂ, ਕਰਾਉਂਦੇ ਰਹਿਣ ਨਿਸਦਿਨ,
ਇਹ ਲਾਸ਼ਾਂ ਦੇ ਵਪਾਰੀ ਨੇ ਸਭੇ, ਹਥਿਆਰ-ਜੀਵੀ।

ਪਹਿਨਕੇ ਕੀਮਤੀ ਬਸਤਰ, ਇਹ ਮੰਦਾ ਬੋਲਦੇ ਨੇ,
ਅਸੀਂ ਕੁਰਸੀ ਬਹਾ ਦਿੱਤੇ ਅਸੱਭਿਆਚਾਰ-ਜੀਵੀ।

ਜਿਨ੍ਹਾਂ ਨੇ ਰਾਹਬਰੀ ਕਰਨੀ ਸੀ ਆਪਣੀ ਕੌਮ ਦੀ ਉਹ,
ਬਣੇ ਹਨ ਕਿਸ ਤਰ੍ਹਾਂ ਸਰਕਾਰ ਦੇ ਪਰਚਾਰ-ਜੀਵੀ।

ਬਣਾ ਬੈਠੇ ਨੇ ਕਾਰੋਬਾਰ ਅਪਣਾ ਰਾਜਨੀਤੀ,
ਇਹ ਸੱਤਾ ਦੇ ਸੁਦਾਗਰ ਬਣ ਗਏ ਪਰਿਵਾਰ-ਜੀਵੀ।

ਜਿਨ੍ਹਾਂ ਦਾ ਫਰਜ਼ ਹੁੰਦੈ, ਦੋਸ਼ੀਆਂ ਨੂੰ ਦੰਡ ਦੇਣਾ,
ਬਣੇ ਅਪਰਾਧੀਆਂ ਦੇ ਖ਼ੁਦ ਉਹ ਚੌਂਕੀਦਾਰ-ਜੀਵੀ।

ਇਨ੍ਹਾਂ ਨੇ ਕ੍ਰਿਸ਼ਨ ਹੁਣ ਤਾਂ ਧਰਮ ਵੀ ਬਦਨਾਮ ਕੀਤਾ,
ਮਖੌਟਾ ਧਰਮ ਦਾ ਪਾ ਬੈਠਦੇ ਵਿਭਚਾਰ-ਜੀਵੀ।

ਹੋ ਗਏ ਸੰਵੇਦਨਾ-ਹੀਣੇ, ਬਣੇ ਹੰਕਾਰ-ਜੀਵੀ।
ਬਣ ਗਏ ਹੰਕਾਰ ਵਿਚ ਹਾਕਮ ਤਾਂ, ਅੱਤਿਆਚਾਰ -ਜੀਵੀ।

ਕੁਝ ਕੁ ਟਕਿਆਂ ਵਾਸਤੇ ਉਹਨਾਂ ਜ਼ਮੀਰਾਂ ਵੇਚੀਆਂ ਨੇ,
ਕੁਝ ਕੁ ਪੱਤਰਕਾਰ ਬਣਕੇ ਰਹਿ ਗਏ ਸਰਕਾਰ-ਜੀਵੀ।

ਹੋ ਗਈ ਨਸ਼ਿਆਂ ਦੇ ਵਿਚ ਗ਼ਲਤਾਨ ਹੋ ਕੇ ਉਹ ਨਿਰਾਸ਼,
ਜਦ ਜਵਾਨੀ ਦੇਸ ਦੀ ਨਾ ਬਣ ਸਕੀ ਰੁਜ਼ਗਾਰ-ਜੀਵੀ।

ਕਾਰਪੋਰੇਟਾਂ ਦੇ ਬਣਕੇ ਰਹਿ ਗਏ ਨੇ ਉਹ ਗ਼ੁਲਾਮ,
ਟੁੱਟ ਕੇ ਲੋਕਾਂ ਤੋਂ ਹਾਕਮ, ਬਣ ਗਏ ਬਾਜ਼ਾਰ-ਜੀਵੀ।

ਪੈ ਗਈ ਬੁਰਕੀ ਤਾਂ ਕੁੱਤੀ ਰਲ਼ ਗਈ ਚੋਰਾਂ ਦੇ ਨਾਲ਼,
ਆਪ ਚੌਂਕੀਦਾਰ ਦੇਖੋ ਬਣ ਗਿਆ ਗੱਦਾਰ-ਜੀਵੀ।

ਰੋਲ਼ ਕੇ ਮਿੱਟੀ 'ਚ ਆਪਾ, ਪੇਟ ਭਰਦੇ ਸਾਰਿਆਂ ਦਾ,
ਧਰਤ ਦੇ ਪੁੱਤਰ ਹਮੇਸ਼ਾ ਤੋਂ ਰਹੇ ਉਪਕਾਰ-ਜੀਵੀ।

[redacted]

ਤਖ਼ੱਲਸ ਲਾ ਲਿਆ ਸੋਹਣਾ ਜਿਹਾ, ਮੈਂ ਨਾਮ ਨਾਲ਼।
ਕਿਸੇ ਦੀ ਲਿਖਤ ਅਪਣੇ ਨਾਂ ਕਰਾਂ, ਆਰਾਮ ਨਾਲ਼।

ਕਰਾਂ ਪਰਚੰਡ ਅਪਣੀ ਇਨਕਲਾਬੀ ਚੇਤਨਾ,
ਸ਼ੁਰੂ ਕਰਦਾਂ ਮੈਂ ਹਰ ਇਕ ਸ਼ਾਮ ਅਪਣੀ, ਜਾਮ ਨਾਲ਼।

ਵਿਚਾਰੀ ਰੁਕਮਣੀ ਤਾਂ ਹੁਣ ਰਹੀ ਹੈ ਘਰ ਸੰਭਾਲ਼,
ਤੇ ਰਾਧਾ ਟਹਿਲਦੀ ਜਮਨਾ ਕਿਨਾਰੇ ਸ਼ਾਮ ਨਾਲ਼।

ਨਹੀਂ ਰਾਮੂ ਰਿਹਾ ਹੁਣ ਉਹ, ਕਹਾਉਂਦਾ ਰਾਮ ਲਾਲ,
ਨਹੀਂ ਉਹ ਗੱਲ ਕਰਦਾ ਹੁਣ ਕਿਸੇ ਵੀ ਆਮ ਨਾਲ਼।

ਨ ਛੇਤੀ ਫੈਲਦੀ ਨੇਕੀ, ਜੇ ਸ਼ੁਹਰਤ ਲੋਚਦੇ,
ਕਰੋ ਛੇਤੀ, ਤੇ ਜੁੜ ਜਾਵੋ ਕਿਸੇ ਬਦਨਾਮ ਨਾਲ਼।

ਹਟੇ ਕਿਰਸਾਨ ਮਾਰੂ ਬਿਲ ਜੇ ਤੂੰ ਵਾਪਸ ਲਵੇਂ,
ਹਟੇ ਨਾ ਦਿੱਲੀਏ ਸਿਰਦਰਦ ਤੇਰਾ ਬਾਮ ਨਾਲ਼।

ਅਸੀਂ ਆਗ਼ਾਜ਼ ਬਾਰੇ ਸੋਚਦੇ ਹਾਂ ਕ੍ਰਿਸ਼ਨ ਬਸ,
ਨਹੀਂ ਹੈ ਵਾਸਤਾ ਸਾਡਾ ਕਿਸੇ ਅੰਜ਼ਾਮ ਨਾਲ਼।

ਬੁਲੰਦੀ 'ਤੇ ਨਹੀਂ ਪਰਵਾਜ਼ ਭਰਨਾ ਚਾਹ ਰਿਹਾ।
ਉਹ ਅੰਬਰ ਖਿੱਚ ਕੇ, ਕਮਰੇ 'ਚ ਕਰਨਾ ਚਾਹ ਰਿਹਾ।

ਜੁ ਚਾਹੁੰਦੈ ਜਿੱਤਣਾ ਮੰਡੀ ਦੀ ਅੰਨ੍ਹੀ ਦੌੜ 'ਚੋਂ,
ਬੜਾ ਨਾਦਾਨ ਹੈ , ਦਲਦਲ 'ਚ ਤਰਨਾ ਚਾਹ ਰਿਹਾ।

ਉਹ ਬੇਸ਼ੱਕ ਵਾਰਨਾ ਚਾਹੁੰਦਾ ਹੈ, ਅਪਣਾ ਸੀਸ ਪਰ,
ਜ਼ਰੂਰਤ ਜਿਉਣ ਦੀ ਜਿੱਥੇ, ਉਹ ਮਰਨਾ ਚਾਹ ਰਿਹਾ।

ਲਿਆਇਆ ਹੈ ਘਰੋਂ ਸੀਅ ਕੇ, ਉਹ ਮੇਰੇ ਵਾਸਤੇ,
ਉਹ ਮੈਨੂੰ ਕੋਟ ਦੇ ਮੇਚੇ ਦਾ ਕਰਨਾ ਚਾਹ ਰਿਹਾ।

ਕਲਮ ਦੀ ਨੋਕ 'ਤੇ ਮੇਰੇ ਅਜੇ ਆਉਂਦਾ ਨਹੀਂ,
ਖ਼ਿਆਲ ਉਸਦਾ ਅਜੇ ਬਣਨਾ, ਸੰਵਰਨਾ ਚਾਹ ਰਿਹਾ।

ਉਹ ਨੀਤੀਵਾਨ ਸਿਰ 'ਤੇ ਦੋਸ਼ ਨਾ ਲੈਂਦਾ ਕਦੇ,
ਕਿਸੇ ਦੇ ਸਿਰ ਉਹ ਸਾਰਾ ਦੋਸ਼ ਧਰਨਾ ਚਾਹ ਰਿਹਾ।

ਉਲੀਕੇ ਨਕਸ਼ ਉਸ ਦੇ ਕ੍ਰਿਸ਼ਨ ਮੈਂ ਧੁੰਦਲੇ ਜਹੇ,
ਮਿਰੇ ਸ਼ਿਅਰਾਂ 'ਚੋਂ ਇਕ ਚਿਹਰਾ ਉਭਰਨਾ ਚਾਹ ਰਿਹਾ।

ਹੁਨਰ ਦੀ ਇਹ ਅਵਸਥਾ ਹਰ ਕਿਸੇ ਹਿੱਸੇ ਨ ਆਉਂਦੀ।
ਕਿ ਚਿੰਤਨ ਵਿੱਚ ਗਹਿਰਾਈ ਤੇ ਖ਼ਿਆਲਾਂ ਦੀ ਬੁਲੰਦੀ।

ਕਿਤਾਬਾਂ ਤੋਂ ਨਹੀਂ, ਮੈਂ ਮੁਸ਼ਕਲਾਂ ਤੋਂ ਸਿੱਖਦਾ ਹਾਂ,
ਤੇ ਮੇਰੇ ਵਾਸਤੇ ਹੈ ਜ਼ਿੰਦਗੀ ਯੂਨੀਵਰਸਟੀ।

ਭਲਾ ਕਿੰਨਾ ਕੁ ਦੌੜੇ ਤੇਜ਼ ਕੋਈ ਏਸ ਪਿੱਛੇ,
ਕਿ ਅਪਣੀ ਸੋਚ ਤੋਂ ਵੀ ਤੇਜ਼ ਹੁਣ ਦੁਨੀਆ ਬਦਲਦੀ।

ਯਕੀਨ ਆਉਂਦਾ ਨਹੀਂ ਹੈ ਹੋ ਗਈ ਦੁਨੀਆ ਇਹ ਛੋਟੀ,
ਸੁਬਹਾ ਦਿੱਲੀਓਂ ਚੜ੍ਹੋ ਤਾਂ ਵੈਨਕੂਵਰ ਸ਼ਾਮ ਢਲ਼ਦੀ।

ਕਿਸੇ ਨੂੰ ਵੀ ਚਕਿੱਤ ਕਰਨਾ ਮਿਰਾ ਮੰਤਵ ਨਹੀਂ ਹੈ,
ਬੜੀ ਹੈਰਾਨਕੁੰਨ ਹੈ ਉਂਝ ਮੇਰੀ ਆਪ-ਬੀਤੀ।

ਇਹ ਦਿਲ ਦੀ ਪੀੜ ਦਾ ਹੀ ਤਾਂ ਉਬਾਲ਼ ਹੁੰਦਾ ਹੈ।
ਕਿ ਬੂੰਦ ਬੂੰਦ ਲਹੂ ਸ਼ਿਅਰਾਂ 'ਚ ਢਾਲ਼ ਹੁੰਦਾ ਹੈ।

ਹਰੇਕ ਲਫ਼ਜ਼ ਦੀ ਕੀਮਤ ਪਵੇ ਅਦਾ ਕਰਨੀ,
ਲਹੂ ਨਿਚੋੜ ਕੇ ਇਹ ਸ਼ੌਂਕ ਪਾਲ਼ ਹੁੰਦਾ ਹੈ।

ਜਨਾਬ ਤੀਰ ਇਹ ਨੈਣਾਂ ਦੇ ਜਾਨ ਕੱਢਦੇ ਨੇ,
ਕਿ ਇਸ ਗਰੀਬ ਤੋਂ ਨਾ ਦਿਲ ਸੰਭਾਲ਼ ਹੁੰਦਾ ਹੈ।

ਨਾਦਾਨ ਜਾ ਫਸੇ ਅਣਭੋਲ਼ ਨਾ ਪਤਾ ਚਲਦਾ,
ਬੜਾ ਮਹੀਨ ਇਹ ਮੰਡੀ ਦਾ ਜਾਲ ਹੁੰਦਾ ਹੈ।

ਨ ਬਹਿਕਦੇ ਨੇ ਕਦਮ ਤੁਰਨ ਇਹ ਸਹੀ ਰਾਹ 'ਤੇ,
ਸਦਾ ਜ਼ਮੀਰ ਦਾ ਡਰ ਨਾਲ਼ ਨਾਲ਼ ਹੁੰਦਾ ਹੈ।

ਜਦੋਂ ਵੀ ਲੋੜ ਪੈਂਦੀ, ਆਪਣਾ ਜਾਦੂ ਜਗਾ ਲੈਂਦੇ।
ਤੁਸੀਂ ਜੋ ਪੀੜ ਦਿੰਦੇ ਓ, ਅਸੀਂ ਸ਼ਬਦੀਂ ਸਜਾ ਲੈਂਦੇ।

ਅਸੀਂ ਕੁਕਨੂਸ, ਅਪਣੀ ਰਾਖ ਵਿੱਚੋਂ ਫੇਰ ਜੀਅ ਉਠਦੇ,
ਜੇ ਪੁੱਟ ਸੁਟਦੇ ਓ, ਖੱਬਲ਼ ਵਾਂਗ ਜੜ੍ਹ ਫਿਰ ਤੋਂ ਲਗਾ ਲੈਂਦੇ।

ਇਹ ਖ਼ਾਕੀ ਵਰਦੀਆਂ ਵਾਲ਼ੇ, ਇਹ ਚਿੱਟੇ ਚੋਗਿਆਂ ਵਾਲ਼ੇ,
ਮਹਾਂਮਾਰੀ ਕਰੋਨਾ ਤੋਂ, ਮੁਨਾਫ਼ਾ ਵੀ ਕਮਾ ਲੈਂਦੇ।

ਇਹ ਸਿਆਸਤਦਾਨ ਵੀ ਤਾਂ ਹੋ ਗਏ ਕਿੰਨੇ ਕਰਾਮਾਤੀ,
ਬਿਗਾਨੇ ਸਾੜ ਕੇ ਘਰ, ਆਪਣੀ ਕੁਰਸੀ ਬਚਾ ਲੈਂਦੇ।

ਮਿਰਾ ਦਿਲ ਚਾਹ ਰਿਹਾ, ਸੱਚੇ ਗੁਰੂ ਦੇ ਰੂਬਰੂ ਹੋਣਾ,
ਗੁਰੂ ਦੇ ਅੱਗਿਉਂ, ਥੋੜ੍ਹਾ ਕੁ ਚਿਰ ਗੋਲਕ ਉਠਾ ਲੈਂਦੇ।

ਤਮਾਸ਼ਾ ਰੋਜ਼ ਹੁੰਦਾ ਹੈ, ਵਜਾਉਂਦੀ ਭੀੜ ਹੈ ਤਾਲੀ,
ਜਦੋਂ ਕਾਤਿਲ, ਸ਼ਹੀਦਾਂ ਦੇ ਗਲੇ ਖ਼ੁਦ ਹਾਰ ਪਾ ਲੈਂਦੇ।

ਨ ਕਰਨੀ ਪਰਖਦੇ ਨੇ ਕ੍ਰਿਸ਼ਨ, ਲੋਕੀ ਮੁਗਧ ਉਹਨਾਂ ’ਤੇ,
ਜੁ ਮੇਰੇ ਵਾਂਗਰਾਂ ਸ਼ਬਦਾਂ ਦੀ ਬਸ ਲੀਲਾ ਰਚਾ ਲੈਂਦੇ।

ਕਿਹਾ ਮੈਨੂੰ ਤੁਸੀਂ, ਤਸਵੀਰ ਭੇਜਣ ਵਾਸਤੇ।
ਮੈਂ ਲਿਖਤਾਂ ਭੇਜਦਾਂ, ਮੈਨੂੰ ਪਛਾਨਣ ਵਾਸਤੇ।

ਬਣਾ ਦਿੱਤਾ ਅਸੀਂ ਬੱਚਿਆਂ ਨੂੰ ਇਕ ਪਰੋਡਕਟ ਹੁਣ,
ਤੇ ਕਰਦੇ ਲਾਂਚ ਹਾਂ ਮੰਡੀ 'ਚ ਵੇਚਣ ਵਾਸਤੇ।

ਕਿਵੇਂ ਸੰਸਾਰ ਨੂੰ ਜਾਨਣ ਦਾ ਮੈਂ ਦਾਅਵਾ ਕਰਾਂ,
ਕਿ ਬੀਤੀ ਉਮਰ ਹੈ ਖ਼ੁਦ ਨੂੰ ਹੀ ਜਾਨਣ ਵਾਸਤੇ।

ਅਜਾਈਂ ਮੈਂ ਕਿਵੇਂ ਇਸ ਨੂੰ ਗਵਾ ਦੇਵਾਂ ਭਲਾ,
ਮਿਲੀ ਸਾਹਾਂ ਦੀ ਪੂੰਜੀ ਹੈ ਜੁ ਖ਼ਰਚਣ ਵਾਸਤੇ।

ਉਹ ਲਾਸ਼ਾਂ ਦੇ ਵਪਾਰੀ, ਅਮਨ ਕਦ ਲੋੜਨ ਭਲਾ,
ਜ਼ਰੂਰਤ ਜੰਗ ਦੀ ਹਥਿਆਰ ਵਰਤਣ ਵਾਸਤੇ।

ਇਹ ਸਿਆਸਤ, ਧਰਮ ਤੇ ਵਿਉਪਾਰ ਮਿਲ ਬਹਿੰਦੇ ਜਦੋਂ,
ਇਹ ਮਿਲਦੇ ਭੋਲਿਆਂ ਲੋਕਾਂ ਨੂੰ ਲੁੱਟਣ ਵਾਸਤੇ।

ਮੈਂ ਬੇਸ਼ੱਕ ਮਾਣਿਆਂ ਹੈ ਜ਼ਿੰਦਗੀ ਵਿਚ ਬਹੁਤ ਕੁਝ,
ਅਜੇ ਵੀ ਬਹੁਤ ਕੁਝ ਹੈ ਕ੍ਰਿਸ਼ਨ ਮਾਨਣ ਵਾਸਤੇ।

ਉਮੰਗਾਂ ਨਾਲ਼ ਰੀਝਾਂ ਨਾਲ, ਸਧਰਾਂ ਨਾਲ਼, ਚਾਵਾਂ ਨਾਲ਼।
ਤੁਹਾਡੀ ਸਫ਼ਲਤਾ ਮੰਗਾਂ ਦਿਲੋਂ ਮੈਂ, ਸ਼ੁਭ-ਇਛਾਵਾਂ ਨਾਲ਼।

ਬੜਾ ਨਾਜ਼ੁਕ ਜਿਹਾ ਰਿਸ਼ਤਾ ਹੈ, ਸਕਿਆਂ ਤੇ ਸ਼ਰੀਕਾਂ ਵਿਚ,
ਕਿ ਤਿੱਖੀ ਧਾਰ 'ਤੇ ਤੁਰਨੇ ਜਿਹਾ, ਨਿਭਣਾ ਭਰਾਵਾਂ ਨਾਲ਼।

ਜੁ ਮਿਰਜ਼ੇ ਵਾਂਗ ਜੰਡੀ ਹੇਠ ਲੰਮੀ ਤਾਣ ਸੌਂ ਜਾਂਦੇ,
ਕਿਤੇ ਨਾ ਪਹੁੰਚਦੇ, ਮੋਹ ਪਾਲ਼ ਬਹਿੰਦੇ ਨੇ ਜੁ ਛਾਵਾਂ ਨਾਲ਼।

ਨਜ਼ਰ ਆਉਂਦਾ ਨਹੀਂ ਹੈ ਉਹ, ਜੁ ਹੁੰਦਾ ਹੈ ਹਕੀਕਤ ਵਿਚ,
ਤੇ ਅਕਸਰ ਉਹ ਨਹੀਂ ਹੁੰਦਾ, ਜੁ ਦਿਸਦਾ ਹੈ ਨਿਗ੍ਹਾਵਾਂ ਨਾਲ।

ਕਦੋਂ, ਕਿਉਂ, ਕੀ, ਕਿਵੇਂ, ਕਿੱਥੇ, ਸਵਾਲ ਉਪਜਣ ਨ ਮਨ ਦੇ ਵਿਚ,
ਉਹ ਚਾਹੁੰਦੇ ਨੇ ਜੁੜੇ ਰਹੀਏ, ਅਸੀਂ ਬਸ ਆਸਥਾਵਾਂ ਨਾਲ।

ਬੁਲਾਰੇ ਵਕਤ ਦੇ ਬੇਸ਼ੱਕ ਹੁੰਦੇ ਨੇ ਸੁਖ਼ਨਵਰ ਤਾਂ,
ਸਮਾਂ ਪਰ ਜਾਣਿਆ ਜਾਂਦਾ ਹੈ ਯੁਗ-ਪੁਰਸ਼ਾਂ ਦੇ ਨਾਵਾਂ ਨਾਲ।

ਇਨ੍ਹਾਂ ਦੀ ਛਾਂ ਭਲਾ ਕਿੰਨਾ ਕੁ ਚਿਰ ਠਹਿਰੇ ਸਿਰਾਂ ਉੱਪਰ,
ਕਿ ਬੱਦਲ਼ ਉੱਡ ਜਾਂਦੇ ਕ੍ਰਿਸ਼ਨ, ਪਲ ਵਿਚ ਹੀ, ਹਵਾਵਾਂ ਨਾਲ਼।

ਸਿਰਾਂ ਦੀ ਫ਼ਸਲ ਤਾਂ ਉੱਗੀ, ਸੰਭਾਲ਼ੀ ਨਾ ਗਈ।
ਸਿਰਾਂ ਵਿਚ ਲਾਟ ਜੋ ਚਿੰਤਨ ਦੀ ਬਾਲ਼ੀ ਨਾ ਗਈ।

ਪੁਜਾਰੀ ਬਣ ਗਈ ਨਾਨਕ ਜੀ, ਸਾਡੀ ਕੌਮ ਤਾਂ,
ਕਿ ਤੇਰੀ ਸੋਚਣੀ, ਅਮਲਾਂ 'ਚ ਢਾਲ਼ੀ ਨਾ ਗਈ।

ਅਜ਼ਾਦੀ ਲੈ ਲਈ ਹੈ ਦੇਰ ਤੋਂ ਭਾਵੇਂ ਅਸੀਂ,
ਗ਼ਲ਼ੋਂ ਜ਼ਿਹਨੀ ਗ਼ੁਲਾਮੀ ਦੀ ਪੰਜਾਲ਼ੀ ਨਾ ਗਈ।

ਰਹੇ ਹਾਂ ਨਾਹਰਿਆਂ ਜੋਗੇ, ਬਦਲਿਆ ਕੁਝ ਨਹੀਂ,
ਰਹੇ ਨੇਰ੍ਹੇ 'ਚ ਹੀ, ਪਰਭਾਤ ਭਾਲ਼ੀ ਨਾ ਗਈ।

ਉਨ੍ਹਾਂ ਨੇ ਲਾ ਲਏ ਰੱਟੇ ਬੜੇ ਵਿਗਿਆਨ ਨੂੰ,
ਉਨ੍ਹਾਂ ਹੱਥਾਂ 'ਚੋਂ ਪਰ ਪੂਜਾ ਦੀ ਥਾਲੀ ਨਾ ਗਈ।

ਉਹ ਜਿਹੜੇ ਸੋਚ ਲਾਉਂਦੇ ਨੇ ਤਰਕ ਦੀ ਸਾਣ 'ਤੇ,
ਕਦੇ ਵੀ ਸੋਚ ਉਹਨਾਂ ਦੀ ਜੰਗਾਲ਼ੀ ਨਾ ਗਈ।

ਮਿਰੇ ਮਨ ਵਿਚ ਜੁ ਵਸਦੇ ਪ੍ਰਸ਼ਨ ਪੁੱਛਦਾ ਹੈ ਜਦੋਂ,
ਤਾਂ ਉਸ ਬੱਚੇ ਦੀ ਮੈਥੋਂ ਜਿੱਦ ਟਾਲ਼ੀ ਨਾ ਗਈ।

ਸਮੁੰਦਰ ਦੀ ਡੂੰਘਾਈ ਮਾਪਣੀ ਸੀ ਕ੍ਰਿਸ਼ਨ ਕੀ?
ਕਿ ਮਨ ਦੀ ਝੀਲ ਵੀ ਮੈਥੋਂ ਹੰਘਾਲੀ ਨਾ ਗਈ।

ਇਨ੍ਹੀ ਰਾਹੀਂ ਤੁਰਨ ਜਿਹੜੇ , ਉਹ ਮਹਿਕਾਂ ਭਰਨ ਸਾਹਾਂ ਵਿਚ।
ਜਗਾ ਦੀਵੇ, ਲਗਾ ਬੂਟੇ, ਖਿੜਾ ਕਲੀਆਂ ਤੂੰ ਰਾਹਾਂ ਵਿਚ।

ਜੇ ਤੇਰੀ ਦੀਦ ਨਾ ਹੋਵੇ, ਤਾਂ ਮੇਰੀ ਈਦ ਨਾ ਹੋਵੇ,
ਮਿਰੇ ਰਹਿਬਰ, ਮੈਂ ਆਉਣਾ ਲੋਚਦਾਂ ਤਿਰੀਆਂ ਪਨਾਹਾਂ ਵਿਚ।

ਕਿਸੇ ਮਾਸੂਮ ਦੇ ਹੰਝੂ, ਜੇ ਮੈਥੋਂ ਪੂੰਝ ਨਾ ਹੁੰਦੇ,
ਗੁਨਾਹ ਇਕ ਹੋਰ ਸ਼ਾਮਿਲ ਕਰ ਲਵੋ, ਮੇਰੇ ਗੁਨਾਹਾਂ ਵਿਚ।

ਹਰਿਕ ਤੋਂ ਖੋਜ ਨਾ ਹੁੰਦੇ, ਨਵੇਂ ਰਸਤੇ, ਨਵੀਂ ਦੁਨੀਆ,
ਕੁਲੰਬਸ ਬਣਨ ਦਾ ਜੇਰਾ ਨ ਹੁੰਦਾ ਸਭ ਮਲਾਹਾਂ ਵਿਚ।

ਵਿਰੋਧੀ ਹਾਕਮਾਂ ਦਾ ਜੇ ਕਿਤੇ ਹੁੰਦਾ, ਤੁਸੀਂ ਦੱਸੋ,
ਭਲਾ ਸਨਮਾਨਦੇ ਮੈਨੂੰ, ਜੇ ਚੜ੍ਹ ਜਾਂਦਾ ਨਿਗਾਹਾਂ ਵਿਚ?

ਰਹੋਂ ਕਰਦੇ ਤੁਸੀਂ ਗਿਣਤੀ, ਸਦਾ ਵੋਟਾਂ ਤੇ ਲਾਸ਼ਾਂ ਦੀ,
ਤੁਹਾਡਾ ਪਾਟਦਾ ਨਾ ਦਿਲ, ਇਨ੍ਹਾਂ ਚੀਖਾਂ ਤੇ ਆਹਾਂ ਵਿਚ।

ਉਨ੍ਹਾਂ ਨੇ ਬਦਲਿਆ ਪਾਲ਼ਾ, ਭਲਾ ਕੁਛ ਖ਼ੈਰ ਵੀ ਹੋਵੇ,
ਰਹੇ ਜੋ ਮਾਰਦੇ ਠਿੱਬੀ, ਖੜ੍ਹੇ ਉਹ ਖ਼ੈਰ-ਖ਼ਾਹਾਂ ਵਿਚ।

ਰਹੇਗਾ ਠੀਕ ਆਹ ਜਾਂ ਅਹੁ, ਦੁਚਿੱਤੀ ਵਿਚ ਰਹੇ ਹਰ ਪਲ,
ਕਿ ਸਾਰੀ ਉਮਰ ਬੀਤੀ ਕ੍ਰਿਸ਼ਨ, ਇਹਨਾਂ ਹੀ ਸਲਾਹਾਂ ਵਿਚ।

ਮਘ ਰਿਹਾ ਕੋਲਾ ਜਿਵੇਂ ਮੇਰੀ ਤਲ਼ੀ 'ਤੇ ਧਰ ਗਈ।
ਪੀੜ ਮੈਨੂੰ ਫੇਰ ਤੋਂ ਜਿਉਂ, ਜਿਉਣ-ਜੋਗਾ ਕਰ ਗਈ।

ਜਿਸਮ ਦਾ ਕੀ ਹੈ ਕਿ ਸਾਹ ਚਲਦਾ ਰਹੇ, ਜਿਉਂਦਾ ਰਹੂ,
ਮੈਂ ਤਾਂ ਮਰ ਜਾਣਾ ਮਿਰੀ ਸੰਵੇਦਨਾ ਜੇ ਮਰ ਗਈ।

ਪਾ ਗਈ ਪੈੜਾਂ ਜੁ ਦਿਲ 'ਤੇ, ਮੇਟ ਨਾ ਸਕਿਆ ਸਮਾਂ,
ਓਸਦੀ ਪਹਿਲੀ ਨਜ਼ਰ ਹੀ, ਦਿਲ 'ਚ ਇਉਂ ਉੱਤਰ ਗਈ।

ਮੁੜਦਿਆਂ ਰੈਲੀ ਤੋਂ ਘਰ, ਉਹ ਵਰ੍ਹ ਪਿਆ ਮਜਦੂਰ 'ਤੇ,
ਇਨਕਲਾਬੀ ਸੋਚਣੀ ਘਰ ਵੜਦਿਆਂ ਵਿੱਸਰ ਗਈ।

ਈਰਖ਼ਾ ਤਾਂ ਜਿੱਤ ਕੇ ਵੀ ਹਰ ਗਈ ਓਸੇ ਘੜੀ,
ਪਰ ਝਨਾਂ ਵਿਚ ਡੁੱਬ ਕੇ ਸੋਹਣੀ ਤਾਂ ਆਖ਼ਰ ਤਰ ਗਈ।

ਅਪਣੀ ਧੀ ਦਾ ਪ੍ਰੇਮ ਪੱਤਰ ਆ ਗਿਆ ਹੱਥ ਓਸ ਦੇ,
ਆਧੁਨਿਕਤਾ ਦੀ ਖ਼ੁਮਾਰੀ ਪਲ 'ਚ ਹੀ ਉੱਤਰ ਗਈ।

ਕ੍ਰਿਸ਼ਨ ਬਸ ਥੋੜ੍ਹੀ ਜਹੀ ਸੰਵੇਦਨਾ ਦੇ ਸੇਕ ਨਾਲ਼,
ਜਾਣਿਆਂ ਪੱਥਰ ਮੈਂ ਜਿਸ ਨੂੰ ਬਰਫ਼, ਸੀ ਪੰਘਰ ਗਈ।

ਕੌਣ ਦੋਸ਼ੀ ਹੈ ਭਲਾ ਮਾਹੌਲ ਦੂਸ਼ਤ ਵਾਸਤੇ?
ਕੌਣ ਦੋਸ਼ੀ ਆਦਮੀ ਦੀ ਏਸ ਦੁਰਗਤ ਵਾਸਤੇ?

ਇਸ ਕਰੋਨਾ ਦੀ ਮਹਾਂ-ਮਾਰੀ ਨੇ ਰੋਕੀ ਦੌੜ-ਭੱਜ,
ਰਹਿ ਗਈ ਹੈ ਫ਼ਿਕਰ ਬਸ, ਮੁਢਲੀ ਜ਼ਰੂਰਤ ਵਾਸਤੇ।

ਭੁੱਖ ਮਿਟ ਜਾਂਦੀ ਜਦੋਂ ਕੁਝ ਇਕ ਗਰਾਹੀਆਂ ਨਾਲ਼ ਹੀ,
ਆਦਮੀ ਪਿਆਸਾ ਹੈ ਏਨਾ ਕਿਉਂ ਭਲਾ ਰਤ ਵਾਸਤੇ।

ਏਸ ਅੰਨ੍ਹੀ ਦੌੜ ਦਾ ਹੋਣੈ ਭਲਾ ਅੰਜ਼ਾਮ ਕੀ,
ਜੋੜ ਕੇ ਸਿਰ ਸੋਚੀਏ ਹੁਣ ਵਕਤ ਫ਼ੁਰਸਤ ਵਾਸਤੇ।

ਜਦ ਕਦੇ ਵੀ ਆਦਮੀ ’ਤੇ ਕੁਦਰਤੀ ਆਫ਼ਤ ਪਵੇ,
ਕੁਦਰਤੀ ਪੈਗ਼ਾਮ ਮਿਲਵਰਤਣ, ਮੁਹੱਬਤ ਵਾਸਤੇ।

ਗ਼ਰਦਸ਼ਾਂ, ਜੁਗ-ਗਰਦੀਆਂ ਨੇ ਆਦਮੀ ਨੂੰ ਰੌਂਦਿਐ,
ਏਸ ਆਫ਼ਤ ਸਾਹਮਣੇ ਐਵੇਂ ਨ ਤੂੰ ਘੱਤ ਵਾਸਤੇ।

ਇਹ ਰੁਤਬੇ ਆਰਜ਼ੀ ਨੇ, ਅੱਜ ਨੇ, ਭਲ਼ਕੇ ਨਹੀਂ ਰਹਿਣੇ।
ਗਈ ਕੁਰਸੀ ਜਦੋਂ, ਚਿਹਰੇ ਵੀ ਇਹ ਚੇਤੇ ਨਹੀਂ ਰਹਿਣੇ।

ਨ ਕਰੀਏ ਰਿਸ਼ਤਿਆਂ ’ਤੇ ਮਾਣ, ਅਕਸਰ ਟੁੱਟ ਜਾਂਦੇ ਨੇ,
ਰਹੇ ਨਾ ਗਰਜ਼ ਜੀਹਨਾਂ ਤੀਕ, ਉਹ ਰਿਸ਼ਤੇ ਨਹੀਂ ਰਹਿਣੇ।

ਇਸ਼ਾਰਾ, ਰਮਜ਼, ਸੈਨਤ ਹੀ, ਸਮਝਦਾਰਾਂ ਨੂੰ ਕਾਫ਼ੀ ਹੈ,
ਜੇ ਬੁੱਲ੍ਹਾਂ ਤੀਕ ਆਇਆ ਰਾਜ਼, ਤਾਂ ਪਰਦੇ ਨਹੀਂ ਰਹਿਣੇ।

ਇਹ ਮੇਵੇ ਰੁੱਤ ਦੇ ਨੇ, ਰੁੱਤ ਜਦ ਬੀਤੀ, ਤਾਂ ਫਿਰ ਅੜਿਆ,
ਅਦਾਵਾਂ, ਸ਼ੋਖੀਆਂ, ਇਹ ਨਾਜ਼, ਇਹ ਨਖ਼ਰੇ ਨਹੀਂ ਰਹਿਣੇ।

ਬੜੇ ਮੂੰਹਜ਼ੋਰ ਹੁੰਦੇ ਨੇ, ਇਹ ਖੁਸ਼ਬੂ ਦੀ ਤਰ੍ਹਾਂ ਸੱਚੀਂ,
ਕਿ ਦਿਲ ਵਿਚ ਅੱਥਰੇ ਜਜ਼ਬੇ ਕਦੇ ਡੱਕੇ ਨਹੀਂ ਰਹਿਣੇ।

ਬੁਲੰਦੀ ਤੇ ਰਹੋ ਬੇਸ਼ੱਕ, ਜੜ੍ਹਾਂ ਧਰਤੀ ’ਚ ਵੀ ਲਾਵੋ,
ਹਵਾ ਵਿਚ ਰਹਿਣ ਜਿਹੜੇ, ਉਹ ਬੁਲੰਦੀ ’ਤੇ ਨਹੀਂ ਰਹਿਣੇ।

ਇਨ੍ਹਾਂ ਨੂੰ ਵੀ ਸਮਾਂ ਦੇਵੋ, ਨ ਦੌੜੋ ਡਾਲਰਾਂ ਪਿੱਛੇ,
ਕਿ ਹੱਥਾਂ ਵਿਚ ਤੁਹਾਡੇ ਆਪਣੇ ਬੱਚੇ ਨਹੀਂ ਰਹਿਣੇ।

ਦਿਲਾਂ ਵਿਚ ਲਹਿ ਗਏ ਜੋ ਸ਼ਬਦ, ਜਿਉਂਦੇ ਰਹਿਣਗੇ ਓਹੀ,
ਸੁਨਹਿਰੀ ਅੱਖਰਾਂ ਵਿਚ ਵੀ ਲਿਖੇ, ਜਿਉਂਦੇ ਨਹੀਂ ਰਹਿਣੇ।

ਬਦਲੀਏ ਕ੍ਰਿਸ਼ਨ ਹੁਣ ਖ਼ੁਦ ਵੀ, ਪੁਰਾਣੇ ਦੌਰ ਦੇ ਹੁਣ ਤਾਂ,
ਨਜ਼ਰੀਆ, ਸੋਚਣੀ, ਹਾਲਾਤ, ਉਹ ਮਸਲੇ ਨਹੀਂ ਰਹਿਣੇ।

ਰਹੇ ਮੇਲੇ ਨ ਕਿਧਰੇ, ਨਾ ਕਿਤੇ ਹੁਣ ਮਹਿਫ਼ਲਾਂ ਰਹੀਆਂ।
ਘਰਾਂ ਵਿਚ ਕੈਦ ਨੇ ਲੋਕੀ, ਇਹ ਗਲੀਆਂ ਸੁੰਨੀਆਂ ਰਹੀਆਂ।

ਅਚਾਨਕ ਉੱਠੀਆਂ ਧਾਹ ਕੇ, ਇਹ ਬਿਹਬਲਤਾ ਦੇ ਵਿੱਚ ਆ ਕੇ,
ਇਹ ਗਲਵਕੜੀ ਨ ਪਾ ਸਕੀਆਂ, ਤੇ ਬਾਹਾਂ ਖੁੱਲ੍ਹੀਆਂ ਰਹੀਆਂ।

ਬੜੇ ਚਾਅ ਨਾਲ਼ ਤੁਰੀਆਂ ਸੀ ਘਰੋਂ ਤਾਂ ਰਾਂਝਿਆਂ ਵੱਲ ਨੂੰ,
ਉਨ੍ਹਾਂ ਹੀਰਾਂ ਦੇ ਪਰ ਹੱਥਾਂ 'ਚ ਫੜੀਆਂ ਚੂਰੀਆਂ ਰਹੀਆਂ।

ਇਹ ਕੈਸੀ ਔੜ ਲੱਗੀ ਹੈ, ਮੁਹੱਬਤ ਦੇ ਥਲਾਂ ਉੱਤੇ,
ਘਟਾਵਾਂ ਕਾਲੀਆਂ ਚੜ੍ਹੀਆਂ ਤਾਂ ਸੀ, ਅਣਬਰਸੀਆਂ ਰਹੀਆਂ।

ਨਦੀ ਦੇ ਦੋ ਕਿਨਾਰੇ ਮਿਲਣ ਦੀ ਖਾਤਰ ਜਿਵੇਂ ਤਰਸਣ,
ਕਿ ਇੱਕੋ ਛੱਤ ਹੇਠਾਂ ਰਹਿੰਦਿਆਂ ਵੀ ਦੂਰੀਆਂ ਰਹੀਆਂ।

ਇਹ ਕੈਸਾ ਦੌਰ ਵਿਸ਼ਵੀਕਰਣ ਦੇ ਇਸ ਦੌਰ ਵਿਚ ਆਇਆ,
ਕਿ ਜਿਸ ਦੇ ਵਿਚ ਸਮਾਜਿਕ ਦੂਰੀਆਂ, ਤਨਹਾਈਆਂ ਰਹੀਆਂ।

ਭਲਾ ਇਹ ਐਤਕੀਂ ਦੀ ਕ੍ਰਿਸ਼ਨ ਕੀਕਣ ਦੀ ਬਹਾਰ ਆਈ,
ਕਿ ਨਾਜ਼ੁਕ ਪੋਟਿਆਂ ਦੀ ਛੁਹ ਨੂੰ ਕਲੀਆਂ ਤਰਸੀਆਂ ਰਹੀਆਂ।

ਬੜਾ ਦੁਸ਼ਵਾਰ  ਲਿਖਣਾ, ਪਰ ਲਿਖੇ ਬਿਨ ਰਹਿ ਨਹੀਂ ਹੁੰਦਾ।
ਜਦੋਂ ਸੰਵੇਦਨਾ ਦਾ ਦਰਦ ਮੈਥੋਂ, ਸਹਿ ਨਹੀਂ ਹੁੰਦਾ।

ਚੁਭੇ ਜਿਉਂ ਨੋਕ ਖੰਜਰ ਦੀ, ਮਿਰੇ ਸੀਨੇ 'ਚ ਰਹਿ ਰਹਿ ਕੇ,
ਪਿਆ ਜੋ ਅਣਕਿਹਾ ਹਾਲੇ, ਜੁ ਮੈਥੋਂ ਕਹਿ ਨਹੀਂ ਹੁੰਦਾ।

ਕਿਸੇ ਮੰਜ਼ਿਲ ਨੇ ਪੈਰਾਂ ਵਿਚ ਮਿਰੇ ਬੇੜੀ ਨਹੀਂ ਪਾਈ,
ਮਿਰੇ ਪੈਰਾਂ 'ਚ ਭਟਕਣ ਹੈ ਕਿ ਮੈਥੋਂ ਬਹਿ ਨਹੀਂ ਹੁੰਦਾ।

ਨ  ਅੰਤਮ ਸੱਚ ਕੋਈ, ਇਕ ਜੇ ਆਖੇ ਕਿ ਅਹਿ ਸੱਚ  ਹੈ,
ਉਸੇ ਹੀ ਪਲ ਕਹੇ ਦੂਜਾ ਕੋਈ ਕਿ ਅਹਿ ਨਹੀਂ ਹੁੰਦਾ।

ਕਿਨਾਰੇ ਬੈਠ ਕੇ ਮੈਂ ਕ੍ਰਿਸ਼ਨ ਘੋਗੇ, ਸਿੱਪੀਆਂ ਚੁਗਦਾਂ,
ਕਿਵੇਂ ਮੋਤੀ ਮਿਲਣ, ਸਾਗਰ 'ਚ ਗਹਿਰਾ ਲਹਿ ਨਹੀਂ ਹੁੰਦਾ।

■

ਸਮਝੇ ਹਰ ਇਕ ਗੱਭਰੂ, ਉਹ ਰਾਂਝੇ ਦਾ ਵੀਰ।
ਕਿਹੜਾ ਚਾਹੁੰਦੈ ਕਿ ਬਣੇ, ਭੈਣ ਕਿਸੇ ਦੀ ਹੀਰ।

ਜਿਹੜਾ ਲਾਲ ਕਿਤਾਬ ਦੇ ਜਪਦੈ ਨਿੱਤ ਸਿਧਾਂਤ,
ਘਰ ਵਿਚ ਟੰਗੀ ਓਸ ਦੇ, ਸੰਤਾਂ ਦੀ ਤਸਵੀਰ।

ਸਭ ਤੋਂ ਮਹਿੰਗੀ ਕਾਰ ਦੇ, ਝੂਟੇ ਲੈਂਦੈ ਰੋਜ਼,
ਕਹਿੰਦੈ ਮਾਇਆ ਨਾਗਣੀ, ਜੋ ਦਰਵੇਸ਼ ਫ਼ਕੀਰ।

ਰਾਤੀ ਪੋਤੇ ਨੇ ਕਿਹਾ, ਬਦਲ ਗਏ ਹਥਿਆਰ,
ਕਾਹਨੂੰ ਤੂੰ ਚੁੱਕੀਂ ਫਿਰੇਂ, ਹੁਣ ਬਾਬਾ ਸ਼ਮਸ਼ੀਰ।

ਜਿਸ ਨੂੰ ਸੁਣ ਸੁਣ ਹਸਦਿਆਂ, ਢਿੱਡੀਂ ਪੀੜਾਂ ਪੈਣ,
ਕੱਲਾ ਬਹਿ ਕੇ ਬੁਸਕਦਾ, ਉਹ ਜੋਕਰ ਦਿਲਗੀਰ।

ਦੂਜੇ ਦੀ ਅੱਖ ਵਿੱਚ ਤਾਂ, ਤਿਣਕਾ ਲਈਏ ਦੇਖ,
ਸਾਨੂੰ ਅਪਣੀ ਅੱਖ ਵਿਚ, ਨਾ ਦਿਸਦਾ ਸ਼ਹਿਤੀਰ।

ਤੈਨੂੰ ਬੈਠੇ ਨੇ ਪਤੀ, ਜੂਏ ਦੇ ਵਿਚ ਹਾਰ,
ਕਰ ਅਰਦਾਸ ਦਰੋਪਤੀ, ਕ੍ਰਿਸ਼ਨ ਬਚਾਵੇ ਚੀਰ।

ਚੁੱਪ ਜਦ ਨਾ ਟੁੱਟਦੀ ਸੀ, ਮੈਂ ਨ ਸੀ।
ਬੇਬਸੀ ਦੀ ਇਕ ਘੜੀ ਸੀ, ਮੈਂ ਨ ਸੀ।

ਕੱਲ੍ਹ ਜਿਨ੍ਹੇ ਕਿੱਕਰ ਤੇ ਫਾਹਾ ਲੈ ਲਿਆ,
ਸੁਪਨਿਆਂ ਦੀ ਖ਼ੁਦਕੁਸ਼ੀ ਸੀ, ਮੈਂ ਨ ਸੀ।

ਜ਼ਿੰਦਗੀ ਵਿਚ ਜਦ ਕਦੇ ਮੈਂ ਭਟਕਿਆ,
ਉਹ ਮਿਰੀ ਆਵਾਰਗੀ ਸੀ, ਮੈਂ ਨ ਸੀ।

ਮੰਗਿਆ ਧੀ ਨੇ ਜਦੋਂ ਵਰ ਆਪਣਾ,
ਉਹ ਤਾਂ ਮਰਿਆਦਾ ਅੜੀ ਸੀ, ਮੈਂ ਨ ਸੀ।

ਆਪਣੇ ਵੀਰੇ 'ਤੇ ਕੀਤਾ ਵਾਰ ਜਦ,
ਵੱਟ ਦੀ ਰੱਸਾਕਸ਼ੀ ਸੀ, ਮੈਂ ਨ ਸੀ।

ਕ੍ਰਿਸ਼ਨ ਜੋ ਮੈਂ ਕੱਲ੍ਹ ਆਖੀ ਸੀ ਗ਼ਜ਼ਲ,
ਵੇਦਨਾ ਹੀ ਬੋਲਦੀ ਸੀ, ਮੈਂ ਨ ਸੀ।

ਲੁਕਾਉਂਦਾ ਰਹਿ ਗਿਆ ਖ਼ੁਦ ਤੋਂ ਵੀ ਚੋਰੀ,
ਉਹ ਕੋਈ ਭੇਤ ਮਨ ਦਾ ਕਹਿ ਗਿਆ ਹੈ।
ਮੈਂ ਕਹਿਣਾ ਚਾਹ ਰਿਹਾਂ ਵਰ੍ਹਿਆਂ ਤੋਂ ਜਿਹੜਾ,
ਉਹ ਮਨ ਵਿਚ ਅਣਕਿਹਾ ਹੀ ਰਹਿ ਗਿਆ ਹੈ।

ਤੁਹਾਡੇ ਰੂਬਰੂ ਇਕਬਾਲ ਕਰਦਾਂ,
ਤੁਹਾਨੂੰ ਦੇਰ ਤੋਂ, ਕਹਿਣੋ ਮੈਂ ਡਰਦਾਂ,
ਕਦੇ ਉਹ ਦਰਦ ਮੈਂ ਕਹਿ ਨਾ ਸਕਾਂਗਾ,
ਜੋ ਖੰਜਰ ਵਾਂਗ ਸੀਨੇ ਲਹਿ ਗਿਆ ਹੈ।

ਕਰਾਂ ਬੇਬਾਕ ਹੋਣੇ ਦਾ ਮੈਂ ਦਾਅਵਾ,
ਕਿ ਜਿੱਥੇ ਬੋਲਣਾ ਚਾਹੀਦੈ, ਓਥੇ,
ਮਿਰੇ ਅੰਦਰਲਾ ਸ਼ਾਇਰ ਬੋਲਿਆ ਨਾ,
ਉਹ ਕਿਉਂ ਖਾਮੋਸ਼ ਹੋ ਕੇ ਬਹਿ ਗਿਆ ਹੈ।

ਵਹਾ ਕੇ ਲੈ ਗਿਆ ਹੈ ਨਾਲ ਅਪਣੇ,
ਕਦਾਚਿਤ ਉਹ ਨਾ ਅਪਣੀ ਖ਼ੈਰ ਭਾਲ਼ੇ
ਸਬੂਤਾ ਰਹਿ ਸਕੇਗਾ ਨਾ ਉਹ ਪੱਥਰ,
ਕਿ ਪਾਣੀ ਨਾਲ਼ ਜਿਹੜਾ ਖ਼ਹਿ ਗਿਆ ਹੈ।

ਬਥੇਰਾ ਵਰਜਿਆ ਉਸ ਨੂੰ ਮੈਂ ਭਾਵੇਂ,
ਨ ਉਸ ਨੇ ਹਰਕਤਾਂ ਤੋਂ ਬਾਝ ਆਉਣਾ
ਖ਼ਰੇ ਮਨ ਦੀ ਕਿਸੇ ਕੰਦਰ 'ਚ ਵੜ ਕੇ,
ਅਜੇ ਸ਼ੈਤਾਨ ਕਿੱਧਰੇ ਛਹਿ ਗਿਆ ਹੈ।

ਜਹਾਲਤ ਦਾ ਜਦੋਂ ਤਕ ਨੇਰ੍ਹ ਛਟਿਆ,
ਜਦੋਂ ਤਕ ਚੇਤਨਾ ਨੀਂਦਰ 'ਚੋਂ ਜਾਗੀ,
ਪੁਲਾਂ ਦੇ ਹੇਠ ਦੀ ਏਨੇ ਸਮੇਂ ਵਿਚ,
ਖ਼ਰੇ ਕਿਨਾ ਕੁ ਪਾਣੀ ਵਹਿ ਗਿਆ ਹੈ।

ਹਰਿਕ ਦੇ ਆਪਣੇ ਮਨ ਦੀ ਅਵਸਥਾ,
ਸਹਾਰੇ ਸੂਲ ਦੀ ਨਾ ਪੀੜ ਕੋਈ,
ਤੇ ਕੋਈ ਕ੍ਰਿਸ਼ਨ ਪਰ ਮਨਸੂਰ ਵਰਗਾ,
ਜੁ ਸੂਲੀ ਦਾ ਤਸੀਹਾ ਸਹਿ ਗਿਆ ਹੈ।

■

ਹਰ ਪਲ ਪੂਰੇ ਹੋਣ ਦੀ, ਮਨ ਵਿਚ ਰਹਿੰਦੀ ਆਸ।
ਹੁੰਦੇ ਨੇ ਕਿਸ ਦੇ ਭਲਾ, ਸਾਰੇ ਕਾਰਜ ਰਾਸ।

ਏਸ ਮਹਾਂਮਾਰੀ ਕਿਵੇਂ, ਦਿੱਤੇ ਅਰਥ ਉਲੱਦ,
ਅਪਣੇ ਅਪਣੇ ਘਰ 'ਚ ਹੀ, ਦੇ ਦਿੱਤੈ ਬਣਵਾਸ।

ਓਨੀ ਸ਼ਿੱਦਤ ਪੀੜ ਦੀ, ਉਹ ਕਰਦੈ ਮਹਿਸੂਸ,
ਜਿੰਨੀ ਹੈ ਸੰਵੇਦਨਾ, ਜਿੰਨਾ ਹੈ ਅਹਿਸਾਸ।

ਪਿਰ ਮਿਲਣੇ ਦੀ ਆਸ ਨਾ, ਛੱਡੀ ਸ਼ੇਖ਼ ਫ਼ਰੀਦ,
ਕਾਗਾਂ ਕਰੰਗ ਢੰਡੋਲਿਆ, ਸਗਲਾ ਖਾਇਆ ਮਾਸ।

ਜਿੰਨੀ ਜਿਸ ਦੀ ਲੋੜ ਹੈ, ਓਨਾ ਉਸ ਦਾ ਮੁੱਲ,
ਜਿਸ ਦੇ ਬਿਨ ਸਰਦਾ ਨਹੀਂ, ਹੋ ਜਾਂਦੈ ਉਹ ਖ਼ਾਸ।

ਇੱਕ ਬਿੰਦੀ ਦੇ ਨਾਲ਼ ਹੀ, ਪੈਂਦੈ ਫ਼ਰਕ ਵਿਰਾਟ,
ਬਿੰਦੀ ਲਹਿੰਦੀ ਲਾਸ਼ ਤੋਂ, ਰਹਿ ਜਾਂਦੀ ਬਸ ਲਾਸ।

ਜਿੰਨਾ ਚਿਰ ਖ਼ਿੜਿਆ ਰਹੇ, ਨਸ਼ਿਆਉਂਦਾ ਹੈ ਪੌਣ,
ਫੁੱਲ ਜਦੋਂ ਵੀ ਝੜ੍ਹ ਗਿਆ, ਨਾ ਰਹਿੰਦੀ ਹੈ ਬਾਸ।

ਅਪਣੇ ਸਨਮੁਖ ਹੋਣ ਦੀ, ਜਿਸ ਵਿਚ ਹੈ ਜੀਰਾਂਦ,
ਓਸੇ ਦੇ ਮਨ ਵਿਚ ਰਹੇ, ਬਸ ਆਤਮ ਪਰਗਾਸ।

ਫਿਰ ਤੋਂ ਲੱਗਣ ਰੌਣਕਾਂ, ਰੰਗ-ਤਮਾਸ਼ੇ ਹੋਣ,
ਕ੍ਰਿਸ਼ਨ ਜੁੜਨ ਫਿਰ ਮਹਿਫ਼ਲਾਂ, ਆ ਕਰੀਏ ਅਰਦਾਸ।

ਜ਼ਮੀਰ ਅਪਣੀ ਹਮੇਸ਼ਾ ਜਾਂਚਦੀ, ਪੜਤਾਲਦੀ ਮੈਨੂੰ।
ਮਿਰੀ ਸੰਵੇਦਨਾ ਦੀਵੇ ਦੇ ਵਾਂਗੂੰ, ਬਾਲ਼ਦੀ ਮੈਨੂੰ।

ਮਿਰੀ ਮਹਿਬੂਬ ਹੈ, ਮਾਂ ਵੀ ਹੈ, ਧੀ ਵੀ ਹੈ ਤੇ ਰਾਹਬਰ ਵੀ,
ਪਵਾਂ ਕਮਜ਼ੋਰ ਜਦ ਮੈਂ, ਸ਼ਾਇਰੀ ਸੰਭਾਲ਼ਦੀ ਮੈਨੂੰ।

ਮਿਰੇ ਪੈਰਾਂ ਨੂੰ ਕੋਈ ਵੀ ਨ ਮੰਜ਼ਿਲ ਬੇੜੀਆਂ ਪਾਉਂਦੀ,
ਜੁ ਰਹਿ ਗਈਆਂ ਪਿਛਾਂਹ, ਹਰ ਇੱਕ ਮੰਜ਼ਿਲ ਭਾਲ਼ਦੀ ਮੈਨੂੰ।

ਇਹ ਦੁਨੀਆ ਖ਼ੂਬਸੂਰਤ, ਮੈਂ ਅਜੇ ਨਿਰਵਾਣ ਚਾਹੁੰਦਾ ਨਾ,
ਅਜੇ ਤਾਂ ਲੋੜ ਮੋਹ ਮਾਇਆ ਦੇ ਇਸ ਜ਼ੰਜਾਲ਼ ਦੀ ਮੈਨੂੰ।

ਮੈਂ ਇਸ ਦੇ ਚੱਕ ’ਤੇ ਚਾੜ੍ਹੀ ਉਹ ਮਿੱਟੀ ਹਾਂ, ਜਿਵੇਂ ਚਾਹੇ,
ਇਹ ਘੁਮਿਆਰਨ ਗ਼ਜ਼ਲ ਓਵੇਂ ਹੀ ਰਹਿੰਦੀ ਢਾਲ਼ਦੀ ਮੈਨੂੰ।

ਜੇ ਸੂਰਜ ਸਰਿਜਣਾ ਮੇਰੀ ਦਾ ਸਿਖਰਾਂ ’ਤੇ ਰਹੇ ਚੜ੍ਹਿਆ,
ਨਹੀਂ ਚਿੰਤਾ ਜ਼ਰਾ ਵੀ ਢਲ ਰਹੀ ਤਿਰਕਾਲ਼ ਦੀ ਮੈਨੂੰ।

ਜੇ ਆਉਂਦੀ ਆਉਣ ਦੇਹ ਮੁਸ਼ਕਲ, ਸਵਾਗਤ ਕਰ ਸਗੋਂ ਇਸ ਦਾ,
ਮੈਂ ਤੇਰਾ ਸਿਦਕ ਹਾਂ ਓ ਕ੍ਰਿਸ਼ਨ, ਮੁਸ਼ਕਲ ਪਾਲ਼ਦੀ ਮੈਨੂੰ।

[redacted]

ਕਦੋਂ, ਕਿਉਂ, ਕੀ, ਕਿਵੇਂ ਦਾ ਤੌਖਲਾ ਹੈ,
ਜੇ ਬੇਚੈਨੀ ਤੇ ਅੱਚਵੀ, ਬੇਕਰਾਰੀ।
ਕਦੇ ਇਹ ਗੱਲ ਵੀ ਸੋਚੀ, ਵਿਚਾਰੀ,
ਸ਼ਨਾਖਤ ਜਿਉਂਦਿਆਂ ਹੋਣੇ ਦੀ ਸਾਰੀ।

ਕਿਸੇ ਵਿਧਵਾ ਦੀ ਸੁੰਨੀ ਮਾਂਗ ਵਰਗੀ,
ਜਿਵੇਂ ਭੀੜਾਂ 'ਤੇ ਵਰ੍ਹਦੀ ਡਾਂਗ ਕਰਦੀ,
ਖੜ੍ਹੀ ਜਿਉਂ ਬੈਂਕ ਦੀ ਸਿਰ 'ਤੇ ਤਕਾਵੀ,
ਅਸੀਂ ਤਾਂ ਜ਼ਿੰਦਗੀ ਸਾਰੀ ਗੁਜ਼ਾਰੀ।

ਮੁਹੱਬਤ ਕੀ ਹੈ, ਇਕ ਅਹਿਸਾਸ ਹੈ ਬਸ,
ਜਿਵੇਂ ਫ਼ੁੱਲਾਂ ਚੋਂ ਆਉਂਦੀ ਬਾਸ ਹੈ ਬਸ,
ਦੁਆ ਹੈ, ਅਰਘ ਹੈ, ਅਰਦਾਸ ਹੈ ਬਸ,
ਕਿ ਗੱਲ ਆਪਾ ਸਮਰਪਣ ਦੀ ਹੈ ਸਾਰੀ।

ਜਦੋਂ ਨਾਭੀ 'ਚ ਕਸਤੂਰੀ ਮਹਿਕਦੀ,
ਮਿਰਗ ਮਖ਼ਮੂਰ ਹੋ ਭਰਦਾ ਕੁਦਾੜੀ,
ਜਦੋਂ ਅਹਿਸਾਸ ਵਿਚ ਜਜ਼ਬੇ ਮਹਿਕਦੇ,
ਭਰੇ ਸ਼ਾਇਰ ਖ਼ਿਆਲਾਂ ਦੀ ਉਡਾਰੀ।

ਜਨਮ ਪੀੜਾਂ ਸਹਾਰੇ ਦੇ ਬਿਨਾ ਮਾਂ,
ਕਦੇ ਵੀ ਬਾਲ ਨੂੰ ਦੇਵੇ ਜਨਮ ਨਾ,
ਰਚੇਗੀ ਨਾ ਕਲਮ ਰਚਨਾ ਕਦੇ ਵੀ,
ਨਾ ਹੋਵੇ ਸੋਚ ਨੂੰ ਉੱਮੀਦਵਾਰੀ।

ਕਿਸੇ ਮਜ਼ਦੂਰ ਦੀ ਵਿਕਦੀ ਦਿਹਾੜੀ,
ਅਦਾਕਾਰਾਂ ਦੀ ਵਿਕਦੀ ਹੈ ਅਦਾ ਹੁਣ,
ਹੁਸੀਨਾ ਵੇਚਦੀ ਹੈ ਨਾਜ਼, ਨਖ਼ਰੇ,
ਕਿ ਹਰ ਸ਼ੈਅ ਹੋ ਗਈ ਹੁਣ ਤਾਂ ਬਜ਼ਾਰੀ।

ਜਦੋਂ ਖੁੱਲ੍ਹਦੀ ਹੈ ਜਾਦੂ ਦੀ ਪਟਾਰੀ,
ਨ ਵਸ ਚਲਦਾ ਹੈ ਕੋਈ ਕ੍ਰਿਸ਼ਨ ਮੇਰਾ,
ਅਚੰਭਤ ਹੋ ਕੇ ਮੈਂ ਤਾਂ ਦੇਖਦਾਂ ਬਸ,
ਕਿ ਆਉਂਦੀ ਹੈ ਗ਼ਜ਼ਲ ਖ਼ੁਦ ਬੇਮੁਹਾਰੀ।

[redacted]

ਦਿਨੋ ਦਿਨ ਹੋ ਰਿਹਾ ਏ ਹੋਰ ਸੌੜਾ,
ਕਿ ਮੈਂ ਸਿਰਜਾਂ ਨਵਾਂ ਸੰਸਾਰ ਕੋਈ।
ਇਹ ਅੰਬਰ ਤਾਂ ਹੈ ਬਸ ਨਜ਼ਰਾਂ ਦੀ ਸੀਮਾ,
ਬੁਲੰਦੀ ਦਾ ਨ ਪਾਰਾਵਾਰ ਕੋਈ।

ਅਨੇਕਾਂ ਸੂਰਜੀ ਮੰਡਲ ਨੇ ਭੌਂਦੇ,
ਗਤੀ ਵਿਚ ਨੇ ਸਹੰਸਰ ਕਹਿਕਸ਼ਾਵਾਂ,
ਰਚਾਈ ਹੈ ਕਿਵੇਂ ਮਾਦੇ ਨੇ ਲੀਲਾ,
ਸਰਿਸ਼ਟੀ ਦਾ ਨ ਸਿਰਜਣਹਾਰ ਕੋਈ।

ਕਿਵੇਂ ਲੋਕਾਂ ਦੀਆਂ ਅਣਖਾਂ ਜਗਾਵੇ,
ਜ਼ਮੀਰ ਅਪਣੀ ਨ ਹੋਵੇ ਜਾਗਦੀ ਜੇ,
ਜਿਨ੍ਹਾਂ ਲੋਕਾਂ ਦੀਆਂ ਮਰੀਆਂ ਜ਼ਮੀਰਾਂ,
ਨਹੀਂ ਜ਼ਿੱਲਤ ਦਾ ਮਨ 'ਤੇ ਭਾਰ ਕੋਈ।

ਮੈਂ ਇਸ ਦੀ ਤਾਬਿਆ ਵਿਚ ਬੈਠ ਜਾਵਾਂ,
ਤੇ ਹੱਥਾਂ ਵਿਚ ਕਲਮ ਕਾਗ਼ਜ਼ ਉਠਾਵਾਂ,
ਸੁਣਾਉਂਦਾ ਹੈ ਸਮਾਂ ਜਦ ਹੁਕਮਨਾਮਾ,
ਨ ਇਸ ਤੋਂ ਕਰ ਸਕੇ ਇਨਕਾਰ ਕੋਈ।

ਇਹ ਚੇਤਨ, ਅਰਧ-ਚੇਤਨ ਤੇ ਅਚੇਤਨ,
ਮਨੁੱਖੀ ਮਨ ਦੀਆਂ ਇਹ ਤਿੰਨ ਪਰਤਾਂ,
ਇਨ੍ਹਾਂ ਪਰਤਾਂ 'ਚ ਵੀ ਪਰਤਾਂ ਅਨੇਕਾਂ,
ਇਹ ਸੂਖਮ, ਨਾ ਇਦ੍ਹਾ ਆਕਾਰ ਕੋਈ।

ਅਸੀਂ ਕੰਜਕ ਨੂੰ ਦੇਵੀ ਆਖਦੇ ਹਾਂ,
ਤੇ ਮਜ਼ਹਬ, ਜ਼ਾਤ ਦਾ ਹੰਕਾਰ ਵੀ ਹੈ,
ਕਦੇ ਪੁੱਛਦੈ ਕਿ ਮਜ਼ਹਬ, ਜ਼ਾਤ ਕੀ ਹੈ,
ਕਰੇ ਜਦ ਮਰਦ ਇਕ ਵਿਭਚਾਰ ਕੋਈ।

ਨ ਕੋਈ ਕੁਸਕਦਾ ਹੈ ਜ਼ੁਲਮ ਅੱਗੇ,
ਰਿਹਾਈ ਜ਼ੁਲਮ ਤੋਂ ਕਿਹੜਾ ਦਵਾਏ,
ਇਹ ਸਾਰੀ ਕੌਮ ਹੀ ਮਜ਼ਲੂਮ ਹੋਈ,
ਉਡੀਕੇ ਦੇਰ ਤੋਂ ਅਵਤਾਰ ਕੋਈ।

ਸਦੀ ਪੌਣੀ ਹੈ ਭਾਵੇਂ ਬੀਤ ਜਾਣੀ,
ਕਿ ਲੋਕੀ ਲੋਕਤੰਤਰ ਦੇ ਨ ਹਾਣੀ,
ਕਿਸੇ ਸੂਬੇ ਜਾਂ ਸਾਰੇ ਦੇਸ ਉੱਤੇ,
ਹਕੂਮਤ ਕਿਉਂ ਕਰੇ ਪਰਿਵਾਰ ਕੋਈ।

ਭਲਾ ਫਿਰ ਕ੍ਰਿਸ਼ਨ ਦੀ ਔਕਾਤ ਕੀ ਹੈ,
ਕੁਈ ਵਿਦਵਾਨ , ਚਿੰਤਕ ਜਾਂ ਬੁਲਾਰਾ,
ਜੁ ਮਨ ਵਿਚ ਸੋਚਦੈ, ਸਾਰੇ ਦਾ ਸਾਰੇ,
ਕਦੇ ਨਾ ਕਰ ਸਕੇ ਇਜ਼ਹਾਰ ਕੋਈ।

■

ਨ ਕੋਈ ਸ਼ਬਦ ਸ਼ਾਮਲ ਹੋ ਸਕੇ ਤੇ ਨਾ ਹਟਾ ਹੋਵੇ।
ਗ਼ਜ਼ਲ ਦਾ ਸ਼ਿਅਰ ਜੇ ਹੋਵੇ, ਤਾਂ ਕੁਝ ਏਹੋ ਜਿਹਾ ਹੋਵੇ।

ਨਜ਼ਰੀਆ ਵੱਖਰਾ ਹਰ ਇੱਕ ਦਾ, ਚੰਗਾ, ਬੁਰਾ ਕੁਝ ਨਾ,
ਕਿਸੇ ਲਈ ਉਹ ਬੁਰਾ ਹੈ ਜੋ ਕਿਸੇ ਖ਼ਾਤਿਰ ਭਲਾ ਹੋਵੇ।

ਕੁਈ ਕਿਰਸਾਣ ਹੈ, ਤਰਖਾਣ ਹੈ, ਸੁਨਿਆਰ ਜਾਂ ਸ਼ਾਇਰ,
ਹਰਿੱਕ ਬੰਦੇ 'ਚ ਆਪੋ ਆਪਣੀ, ਕੋਈ ਕਲਾ ਹੋਵੇ।

ਬਿਨਾਂ ਛਿੱਲੇ, ਤਰਾਸ਼ੇ ਦੇ , ਚਮਕਦਾ ਨਾ ਕਦੇ ਹੀਰਾ,
ਬਿਨਾਂ ਪਾਇਆਂ, ਕੁਠਾਲੀ ਵਿਚ, ਕਦੋਂ ਸੋਨਾ ਖ਼ਰਾ ਹੋਵੇ।

ਕਦੇ ਬੁਨਿਆਦ ਬਿਨ ਐਵੇਂ , ਹਵਾ ਵਿਚ ਮਹਿਲ ਨਾ ਬਣਦੇ,
ਜੜ੍ਹਾਂ ਧਰਤੀ 'ਚ ਲਾਏ ਬਿਨ, ਨ ਅੰਬਰ ਵੱਲ ਜਾ ਹੋਵੇ।

ਰਿਸ਼ੀ, ਦਰਵੇਸ਼, ਜੋਗੀ, ਪੀਰ, ਪੈਗੰਬਰ ਹੈ, ਚਿੰਤਕ ਹੈ,
ਕਦੇ ਵਿਦਵਾਨ ਦਾ ਰੁਤਬਾ ਨ ਐਵੇਂ ਹੀ ਕਮਾ ਹੋਵੇ।

ਹਰਿਕ ਪਲ ਕ੍ਰਿਸ਼ਨ ਕੀਮਤ ਰੌਸ਼ਨੀ ਦੀ ਤਾਰਨੀ ਪੈਂਦੀ,
ਲਹੂ ਅਪਣਾ ਜਲ਼ਾਏ ਬਿਨ, ਕਦੇ ਨਾ ਜਗਮਗਾ ਹੋਵੇ।

ਜਿਨ੍ਹਾਂ ਦਾ ਇਕ ਵੀ ਸ਼ੇਅਰ ਨਾ ਹੁੰਦਾ, ਦਾਦ ਦੇ ਕਾਬਿਲ।
ਮਿਰੇ ਵਰਗੇ ਵੀ ਖ਼ੁਦ ਨੂੰ ਸਮਝਦੇ, ਉਸਤਾਦ ਦੇ ਕਾਬਿਲ।

ਅਜੇ ਤਕ ਆ ਸਕੀ ਨਾ ਮੇਰਿਆਂ ਖ਼ਿਆਲਾਂ 'ਚ ਗਹਿਰਾਈ,
ਅਜੇ ਮੈਂ ਹੋ ਨ ਸਕਿਆ, ਦਰਦ ਦੇ ਅਨੁਵਾਦ ਦੇ ਕਾਬਿਲ।

ਬਦਲਿਆ ਇਨਕਲਾਬੀ ਸੋਚਣੀ ਨੇ ਕੀ ਭਲਾ ਹੁਣ ਤਕ?
ਅਸੀਂ ਤਾਂ ਸਿਰਫ਼ ਜ਼ਿੰਦਾਬਾਦ, ਮੁਰਦਾਬਾਦ ਦੇ ਕਾਬਿਲ।

ਸਮਾਂ ਹੀ ਬਦਲਿਆ, ਬਦਲੀ ਨ ਹੁਣ ਤਕ ਸੋਚਣੀ ਅਪਣੀ,
ਅਜੇ ਵੀ ਮਿਰਜ਼ਿਆ, ਸਾਹਿਬਾਂ ਨ ਦਾਨਾਬਾਦ ਦੇ ਕਾਬਿਲ।

ਜੁ ਦੂਜੇ ਨੂੰ ਗ਼ਲਤ, ਖ਼ੁਦ ਨੂੰ ਸਹੀ ਠਹਿਰਾਉਣ 'ਤੇ ਰਹਿੰਦੇ,
ਅਜੇਹੇ ਲੋਕ ਨਾ ਹੁੰਦੇ, ਕਿਸੇ ਸੰਵਾਦ ਦੇ ਕਾਬਿਲ।

ਇਹ ਤੁਕਬੰਦੀ ਅਜੇ ਤਾਂ ਕ੍ਰਿਸ਼ਨ, ਬਸ ਅਭਿਆਸ ਕਰਦਾ ਰਹਿ,
ਗ਼ਜ਼ਲ ਤੇਰੀ ਨ ਹੋਈ ਹੈ ਅਜੇ, ਇਰਸ਼ਾਦ ਦੇ ਕਾਬਿਲ।

ਸਿਰਫ਼ ਇਕ ਰਿਸ਼ਤਾ ਹੈ ਜੁ ਨਿਭਦਾ ਹੈ ਉਮਰਾਂ ਵਾਸਤੇ।
ਦਰ ਮਿਰਾ ਖੁੱਲ੍ਹਾ ਰਹੇ, ਹਰ ਪਲ ਅਜ਼ੀਜ਼ਾਂ ਵਾਸਤੇ।

ਇਹ ਮੁਸਾਫ਼ਰ ਨਾਲ਼ ਕੋਈ ਵਿਤਕਰਾ ਕਰਦੇ ਨਹੀਂ,
ਬਿਰਖ ਹੁੰਦੇ ਨੇ ਹਰਿਕ ਰਾਹੀ ਲਈ ਛਾਂ ਵਾਸਤੇ।

ਹੁਣ ਤਾਂ ਗੁੰਮਨਾਮੀ 'ਚ ਜਾਣਾ ਵੀ ਮਿਰੇ ਵਸ ਵਿਚ ਨਹੀਂ,
ਵਕਤ ਉਹ ਵੀ ਸੀ, ਬਹੁਤ ਬੇਚੈਨ ਸਾਂ, ਨਾਂ ਵਾਸਤੇ।

ਹਰ ਸਮੇਂ ਦਿਸਹੱਦਿਆਂ ਤੋਂ ਪਾਰ ਜਾਣਾ ਲੋਚਦੈ,
ਦਿਲ ਸਦਾ ਬਿਹਬਲ ਰਹੇ, ਉੱਚੀਆਂ ਉਡਾਣਾਂ ਵਾਸਤੇ।

ਜਿੱਤ ਲਈ ਹਉਮੈ ਜਿਨ੍ਹਾਂ ਨੇ, ਜੱਗ ਦਾ ਕੀ ਜਿੱਤਣਾ,
ਬਾਦਸ਼ਾਹੀ ਕੀ ਭਲਾ ਹੁੰਦੀ, ਫ਼ਕੀਰਾਂ ਵਾਸਤੇ।

ਬਹਿਸ ਕਰਨੀ ਸ਼ੋਭਦੀ ਨਾ, ਵਕਤ ਨਾ ਬਰਬਾਦ ਕਰ,
ਬਦ-ਤਮੀਜ਼ਾਂ, ਬਦ-ਜ਼ੁਬਾਨਾਂ, ਬਦ-ਕਲਾਮਾਂ ਵਾਸਤੇ।

ਅੱਖੀਆਂ ਵਿਚ ਖ਼ਾਬ, ਮਨ ਵਿਚ ਜੋਸ਼, ਚਾਅ ਤੇ ਵਲਵਲੇ,
ਰੋਕ ਨਾ ਰਾਹ ਕ੍ਰਿਸ਼ਨ, ਰਸਤਾ ਛੱਡ ਨਵਿਆਂ ਵਾਸਤੇ।

ਹੁਨਰ ਤਾ ਕੋਲ ਸਾਡੇ ਪਰ ਹੁਨਰ ਸੰਭਾਲ ਨਾ ਹੋਇਆ।
ਜੇ ਸਾਥੋਂ ਦੀਵਿਆਂ ਤੋਂ, ਇਕ ਵੀ ਦੀਵਾ ਬਾਲ਼ ਨਾ ਹੋਇਆ।

ਕਿਤੇ ਕੁਝ ਵਾਪਰੇ ਮਾੜਾ, ਸੰਵੇਦਨਹੀਣ ਕਿੰਨੇ ਹਾਂ,
ਅਸੀਂ ਇਹ ਸੋਚ ਲੈਂਦੇ ਹਾਂ, ਕਿ ਸਾਡੇ ਨਾਲ਼ ਨਾ ਹੋਇਆ।

ਇਹ ਇੱਛਾ ਦੀ ਕਮੀ ਸੀ ਜਾਂ ਸੀ ਮੇਰੀ ਸਹਿਮਤੀ ਅਪਣੀ,
ਜੁ ਟਲ ਸਕਦਾ ਸੀ ਘਟਨਾਕਰਮ, ਮੈਥੋਂ ਟਾਲ਼ ਨਾ ਹੋਇਆ।

ਅਸੀਂ ਗਹਿਰੇ ਸਮੁੰਦਰ ਨੂੰ ਭਲਾ ਹੰਘਾਲਣਾ ਕੀ ਸੀ,
ਅਸਾਥੋਂ ਆਪਣਾ ਮਨ ਵੀ ਕਦੇ ਹੰਘਾਲ਼ ਨਾ ਹੋਇਆ।

ਉਹ ਜਿਹੜੇ ਪ੍ਰਸ਼ਨ ਪੁੱਛਦਾ ਹੈ, ਮੈਂ ਉੱਤਰ ਦੇ ਨਹੀਂ ਸਕਦਾ,
ਜੁ ਮੇਰੇ ਮਨ 'ਚ ਬੈਠੈ ਬਾਲ, ਮੈਥੋਂ ਟਾਲ਼ ਨਾ ਹੋਇਆ।

ਸਮੇਂ ਤੋਂ ਤਾਂ ਕਦੇ ਬਚਿਆ ਨਹੀਂ ਯੁੱਗਪੁਰਸ਼ ਵੀ ਕੋਈ,
ਇਹ ਕੇਵਲ ਸ਼ਬਦ, ਜੀਹਨ੍ਹਾਂ ਦਾ ਕਦੇ ਵੀ ਕਾਲ਼ ਨਾ ਹੋਇਆ।

ਇਹ ਸੰਗਤ ਹੈ ਅਦੀਬਾਂ ਦੀ, ਕਿ ਸੁਹਬਤ ਹੈ ਕਿਤਾਬਾਂ ਦੀ,
ਭਰਮ ਵੀ ਕ੍ਰਿਸ਼ਨ ਕਾਮਿਲ ਹੋਣ ਦਾ ਜੋ ਪਾਲ਼ ਨਾ ਹੋਇਆ।

ਤੂੰ ਚਿੰਤਨ ਦੀ ਅਮੁਕ ਧਾਰਾ ਵਹਾ ਦੇ,
ਇਹ ਪਿਆਸਾ ਮਨ ਮਿਰਾ ਸ਼ਰਸ਼ਾਰ ਕਰਦੇ।
ਸਰੁਸਤੀ ਮਾਂ ਤੂੰ ਇਹ ਉਪਕਾਰ ਕਰਦੇ,
ਮਿਰੇ ਖ਼ਿਆਲਾਂ ਨੂੰ ਤੂੰ, ਸਾਕਾਰ ਕਰਦੇ।

ਜੁ ਛੁਹ ਦੇ ਨਾਲ਼ ਹਾਂ ਮਹਿਸੂਸ ਕਰਦੇ,
ਸੁਨੇਹਾ ਜੋ ਅਸੀਂ ਨੈਣਾਂ ’ਚੋਂ ਪੜ੍ਹਦੇ,
ਕਿ ਹੁੰਦੀ ਜਿਸਮ ਦੀ ਅਪਣੀ ਹੀ ਭਾਸ਼ਾ,
ਤੇ ਉਸਦਾ ਸ਼ਬਦ ਨਾ ਇਜ਼ਹਾਰ ਕਰਦੇ।

ਨਹੀਂ ਅਨੁਵਾਦ ਕਰਨੇ ਦੀ ਜ਼ਰੂਰਤ,
ਇਹੋ ਇਨਸਾਨ ਦੀ ਬੋਲੀ ਕਦੀਮੀਂ,
ਅਦਾਵਾਂ, ਸੈਨਤਾਂ, ਰਮਜ਼ਾਂ, ਇਸ਼ਾਰੇ,
ਇਹ ਕੁਲ ਦੁਨੀਆ ’ਚ ਹੀ ਸੰਚਾਰ ਕਰਦੇ।

ਜੇ ਅੰਤਰ ਕਥਨ ਤੇ ਕਰਨੀ ’ਚ ਹੋਵੇ,
ਤਾਂ ਕੋਰਾ ਫ਼ਲਸਫ਼ਾ ਕਿੱਥੇ ਖਲੋਵੇ,
ਸਭੇ ਸ਼ਾਮਿਲ ਨੇ ਉਹ ਅਪਰਾਧੀਆਂ ਵਿਚ,
ਜੋ ਸ਼ਬਦਾਂ ਨਾਲ਼ ਨੇ ਵਿਭਚਾਰ ਕਰਦੇ।

ਜਿਨ੍ਹਾਂ ਹੱਥਾਂ ’ਚ ਹੋਵੇ ਸ਼ਾਸ਼ਤਰ ਨਾ,
ਉਨ੍ਹਾਂ ਦੇ ਹੱਥ ਹੀ ਸ਼ਸ਼ਤਰ ਉਠਾਉਂਦੇ,
ਨਹੀਂ ਸਮਰੱਥ ਜਿਹੜੇ ਗੋਸ਼ਟੀ ਦੇ,
ਉਹੀ ਸ਼ਸ਼ਤਰ ਦਾ ਆਖਰ ਵਾਰ ਕਰਦੇ।

ਜਦੋਂ ਆਉਂਦਾ ਨ ਚਿੰਤਨ ਵਿਚ ਵਿਚਰਨਾ,
ਕਿਵੇਂ ਆਵੇ ਭਲਾ ਸੰਵਾਦ ਕਰਨਾ,
ਅਸੀਂ ਨਾ ਜਾਣਦੇ ਗਹਿਰਾ ਉਤਰਨਾ,
ਜਹਾਲਤ ਦਾ ਤਦੇ ਹੰਕਾਰ ਕਰਦੇ।

ਮਿਰੇ ਵਰਗੇ ਬਥੇਰੇ ਕ੍ਰਿਸ਼ਨ ਫਿਰਦੇ,
ਮਿਰੀ ਇਸ ਭੀੜ ਵਿਚ ਪਹਿਚਾਣ ਕੀ ਹੈ,
ਮਿਰੀ ਕਵਿਤਾ ਮਿਰੀ ਪਹਿਚਾਣ ਦੇ ਦੇ,
ਤੂੰ ਮੈਨੂੰ ਸਿਰਜ ਕੇ ਉਪਕਾਰ ਕਰਦੇ।

ਇਹ ਪੈਰੋਕਾਰ ਤੇਰੇ ਕਿਸ ਤਰ੍ਹਾਂ ਦੇ,
ਇਹ ਤੈਨੂੰ ਮੰਨਦੇ, ਤੇਰੀ ਨ ਮੰਨਣ।
ਕਿ ਪੜ੍ਹਦੇ, ਸੁਣਦਿਆਂ ਹੋਇਆਂ ਵੀ ਨਾਨਕ,
ਇਹ ਤੇਰਾ ਫ਼ਲਸਫ਼ਾ, ਮੂਲੋਂ ਨ ਸਮਝਣ।

ਅਜੇ ਵੀ ਸ਼ਬਦ ਨੂੰ ਪਹਿਚਾਣਦੇ ਨਾ,
ਅਸੀਂ ਬਾਣੀ ਦੇ ਹੋਏ ਹਾਣ ਦੇ ਨਾ,
ਉਦਾਸੀ ਦਾ ਵੀ ਮਤਲਬ ਜਾਣਦੇ ਨਾ,
ਅਸੀਂ ਤਾਂ ਜਾਣਦੇ ਬਸ ਨੇਰ੍ਹ ਛਾਨਣ।

ਵਧੀ ਜਾਂਦੇ ਜਹਾਲਤ ਦੇ ਹਨੇਰੇ,
ਸਥਾਪਤ ਹੋ ਰਹੇ ਨੇ ਰੋਜ਼ ਡੇਰੇ,
ਅਸਾਡਾ ਧਰਮ ਕਾਰੋਬਾਰ ਹੋਇਆ,
ਨ ਸਾਨੂੰ ਰਾਸ ਹੈ ਬਾਣੀ ਦਾ ਚਾਨਣ।

ਉਹ ਕਹਿੰਦੇ ਨੇ ਕਿ ਮਾਇਆ ਨਾਗਣੀ ਹੈ,
ਸ਼ਰਾਰਤ ਫੇਰ ਇਹ ਕਿਸਨੇ ਕਰੀ ਹੈ,
ਗੁਰੂ ਦੇ ਸਾਹਮਣੇ ਗੋਲਕ ਧਰੀ ਹੈ,
ਜੁ ਸਾਨੂੰ ਸ਼ਬਦ ਤਕ ਦਿੰਦੀ ਨ ਪਹੁੰਚਣ।

ਅਸੀਂ ਨਾ ਕਿਰਤ ਦਾ ਮੁੱਲ ਜਾਣਦੇ ਹਾਂ,
ਤੇ ਕਿਰਤੀ ਨੂੰ ਤਾਂ ਕੰਮੀ ਆਖਦੇ ਹਾਂ,
ਜੁ ਡੱਕਾ ਤੋੜ ਕੇ ਦੂਹਰਾ ਨ ਕਰਦੇ,
ਕਿਵੇਂ ਸਰਦਾਰੀਆਂ ਦਾ ਭਰਮ ਪਾਲਣ।

ਸਿਖਾਇਆ ਕੌਮ ਨੂੰ ਸੰਵਾਦ ਕਰਨਾ,
ਦਿਖਾਇਆ ਕੌਮ ਨੂੰ ਰਾਹ ਗੋਸ਼ਟੀ ਦਾ,
ਬੜਾ ਅਫ਼ਸੋਸ ਨਾਨਕ ਐ ਪੈਗੰਬਰ,
ਅਸੀਂ ਤਾਂ ਜਾਣਦੇ ਹਥਿਆਰ ਤਾਨਣ।

ਅਸੀਂ ਤਾਂ ਕ੍ਰਿਸ਼ਨ ਹਾਂ ਏਨੇ ਕੁ ਜੋਗੇ,
ਕਿਨਾਰੇ ਬੈਠ ਕੇ ਚੁਗਦੇ ਹਾਂ ਘੋਗੇ,
ਉਤਰ ਸਕਦੇ ਨ ਗਹਿਰੇ ਪਾਣੀਆਂ ਵਿਚ,
ਕਿਵੇਂ ਮੋਤੀ ਅਸਾਡੇ ਹੱਥ ਲੱਗਣ।

■

ਮਨ ਵਿਚ ਐਵੇਂ ਫੋਕੀ ਹਉਮੈ ਪਾਲ਼ੀ ਹੋਈ ਐ।
ਬਹੁਤ ਚਿਰਾਂ ਤੋਂ ਅਪਣੀ ਸੋਚ ਜੰਗਾਲੀ. ਹੋਈ ਐ।

ਕਿਹੜਾ ਰਿਸ਼ਤਾ ? ਜਿਸ ਰਿਸ਼ਤੇ ਨੇ ਦਰਦ ਨਹੀਂ ਦਿੱਤਾ,
ਸੀਨੇ ਦੇ ਵਿਚ ਹਰ ਇਕ ਚੋਟ ਸੰਭਾਲ਼ੀ ਹੋਈ ਐ।

ਮੁੱਲ ਚੁਕਾਉਣਾ ਪੈਣਾ, ਸਹਿਣਾ ਸੇਕ ਸਦਾ ਪੈਣਾ,
ਜਿਸ ਨੇ ਅਪਣੇ ਮਨ ਦੀ ਜੋਤੀ ਬਾਲ਼ੀ ਹੋਈ ਐ।

ਕਿਸ ਦੁਨੀਆ ਵਿਚ ਵਸਦੈਂ, ਕਿਸ ਦੁਨੀਆ ਦੀ ਗੱਲ ਕਰਦੈਂ;
ਇਹ ਦੁਨੀਆਂ ਤਾਂ ਅਪਣੀ ਦੇਖੀ ਭਾਲ਼ੀ ਹੋਈ ਐ।

ਖ਼ਿਆਲ ਚਲੋ ਇਹ ਦਿਲ ਪਰਚਾਉਣੇ ਨੂੰ ਤਾਂ ਚੰਗਾ ਹੈ,
ਜਿਉਂਦੇ ਜੀਆਂ ਦੀ ਕਦ ਜਾਨ ਸੁਖਾਲ਼ੀ ਹੋਈ ਐ।

ਇਕ ਪੁਰਜ਼ਾ ਬਦਲਣ ਤੇ ਕੁਝ ਵੀ ਫ਼ਰਕ ਨਹੀਂ ਪੈਣਾ,
ਕੰਡਮ ਸਾਰੀ ਹੀ ਸ਼ਾਸ਼ਨ ਪਰਣਾਲੀ ਹੋਈ ਹੈ।

ਦੁਨੀਆ ਦਾ ਦਸਤੂਰ ਇਹੋ ਤਾਂ ਕ੍ਰਿਸ਼ਨ ਹਮੇਸ਼ਾ ਤੋਂ,
ਤੇਰੇ ਨਾਲ ਭਲਾ ਕੀ ਜੱਗੋਂ ਬਾਹਰ਼ੀ ਹੋਈ ਹੈ।

ਉਦੋਂ ਰੰਗਾਂ ਦੀ ਮੈਂ ਲੀਲਾ ਰਚਾਵਾਂ,
ਉਦੋਂ ਸ਼ਬਦਾਂ ਦੀਆਂ ਬੁੱਚੀਆਂ ਪਵਾਵਾਂ।
ਮੈਂ ਕਰਤਾਰੀ ਪਲਾਂ ਵਿਚ ਪਹੁੰਚ ਜਾਵਾਂ,
ਮੈਂ ਜਿਹੜੇ ਪਲ ਕਲਮ ਅਪਣੀ ਉਠਾਵਾਂ।

ਮੈਂ ਅਪਣਾ, ਆਪ ਆਲੋਚਕ ਵੀ ਹੁੰਨਾ,
ਤੇ ਥੋੜਾ ਬਹੁਤ ਮੈਂ ਚਿੰਤਕ ਵੀ ਹੁੰਨਾ,
ਉਨ੍ਹਾਂ ਲਮਹਿਆਂ 'ਚ ਮੈਂ ਸਿਰਜਕ ਵੀ ਹੁੰਨਾ,
ਮੈਂ ਸਫ਼ਿਆਂ 'ਤੇ ਸਮੇਂ ਦੇ ਨਕਸ਼ ਵਾਹਵਾਂ।

ਇਨ੍ਹਾਂ ਵਿਚ ਫ਼ਲਸਫ਼ਾ ਹੋਵੇ ਨ ਹੋਵੇ,
ਇਨ੍ਹਾਂ ਵਿਚ ਵਿਦਵਤਾ ਹੋਵੇ ਨ ਹੋਵੇ,
ਮਨੁੱਖੀ ਦਰਦ ਹੈ ਇਹਨਾਂ 'ਚ ਸ਼ਾਮਿਲ,
ਮਿਰੇ ਸ਼ਿਅਰਾਂ 'ਚ ਸ਼ਾਮਿਲ ਭਾਵਨਾਵਾਂ।

ਇਸ਼ਾਰੇ, ਬਿੰਬ, ਰੂਪਕ, ਰਮਜ਼, ਤਸ਼ਬੀਹ,
ਨਜ਼ਾਕਤ, ਸਾਦਗੀ, ਤਕਰਾਰ, ਸ਼ੋਖੀ,
ਅਲੰਕਾਰਾਂ ਤੇ ਸ਼ਬਦਾਂ ਦੇ ਨਗੀਨੇ,
ਦਿਖਾਉਂਦੀ ਹੈ ਗ਼ਜ਼ਲ ਕੀ ਕੀ ਅਦਾਵਾਂ।

ਮਿਰੇ ਖ਼ਿਆਲਾਂ 'ਚ ਹੈ ਕਿੰਨੀ ਬੁਲੰਦੀ,
ਮਿਰੀ ਸੰਵੇਦਨਾ ਕਿੰਨੀ ਕੁ ਗਹਿਰੀ,
ਪਤਾ ਹੋਣਾ ਹੈ ਮੇਰੇ ਪਾਠਕਾਂ ਨੂੰ,
ਮੈਂ ਅਪਣੇ ਆਪ ਕੀ ਅਨੁਮਾਨ ਲਾਵਾਂ।

ਤਿਰੇ ਹਿੱਸੇ 'ਚ ਤਾਂ ਬਸ ਭਟਕਣਾ ਹੈ,
ਨ ਤੇਰੇ ਚੈਨ ਲਾਗੇ ਫਟਕਣਾ ਹੈ,
ਕਿਸੇ ਮੰਜ਼ਿਲ 'ਤੇ ਤੂੰ ਨਾ ਅਟਕਣਾ ਹੈ,
ਕਿ ਮਿਲੀਆਂ ਕ੍ਰਿਸ਼ਨ ਇਹ ਤੈਨੂੰ ਸਜ਼ਾਵਾਂ।

ਇਹ ਦਿਲ ਧਰਾਉਣ ਦੀ ਖਾਤਿਰ, ਵਿਚਾਰ ਹੁੰਦਾ ਹੈ।
ਕਿਸੇ ਤੋਂ ਉਮਰ ਭਰ ਨ ਇੰਤਜ਼ਾਰ ਹੁੰਦਾ ਹੈ।

ਦਵੇ ਜੁ ਧਮਕੀਆਂ, ਫ਼ਤਵੇ, ਦਲੀਲ ਨਾ ਦੇਵੇ,
ਮਰੀਜ਼ ਸਨਕ ਦਾ, ਜ਼ਿਹਨੀ ਬਿਮਾਰ ਹੁੰਦਾ ਹੈ।

ਅਨੇਕ ਵਾਰ ਡਿਗ ਡਿਗ ਕੇ, ਸਵਾਰ ਹੋ ਜਾਵੇ,
ਕਦੇ ਨ ਹਾਰਦਾ ਜੋ, ਸ਼ਾਹ ਸਵਾਰ ਹੁੰਦਾ ਹੈ।

ਕਿਸੇ ਦਾ ਇਹ ਕਦੇ ਵੀ ਸਕਾ ਨਹੀਂ ਬਣਿਆ,
ਜ਼ਰਾ ਵੀ ਵਕਤ ਦਾ ਨਾ ਏਤਬਾਰ ਹੁੰਦਾ ਹੈ।

ਤੁਸੀਂ ਸ਼ਰਾਬ ਨੂੰ ਬਦਨਾਮ ਨਾ ਕਰੋ ਐਵੇਂ,
ਕਿ ਇਸ ਤੋਂ ਘੱਟ ਨਾ, ਮੈਂ ਦਾ ਖ਼ੁਮਾਰ ਹੁੰਦਾ ਹੈ।

ਰੁਕੇ ਜੇ ਪਲ ਕਦੇ ਪਰਲੋ ਸਮਾਨ ਹੋ ਜਾਵੇ,
ਜੁ ਦਿਲ ਨ ਧੜਕਦਾ , ਮੁਰਦਾ ਕਰਾਰ ਹੁੰਦਾ ਹੈ।

ਜਹਾਨ 'ਤੇ ਹੈ ਮੁਕੰਮਲ ਭਲਾ ਕਦੋਂ ਕੋਈ,
ਤਦੇ ਹੀ ਚੰਨ ਵੀ ਤਾਂ ਦਾਗ਼ਦਾਰ ਹੁੰਦਾ ਹੈ।

ਜਦੋਂ ਵੀ ਵੇਦਨਾ ਬਣਦੀ ਸੰਵੇਦਨਾ ਸੱਚੀਂ,
ਕਲਮ ਦੇ ਵਾਸਤੇ ਪਲ, ਸ਼ਾਜ਼ਗਾਰ ਹੁੰਦਾ ਹੈ।

ਬੜਾ ਹੀ ਕਮ-ਦਿਲਾ ਏਂ ਕ੍ਰਿਸ਼ਨ ਤੂੰ ਤਦੇ ਤੈਥੋਂ,
ਕਿਸੇ ਦਾ ਅੱਥਰੂ ਵੀ ਨਾ ਸਹਾਰ ਹੁੰਦਾ ਹੈ।

■

ਪਵੇ ਮਰਦੇ ਦੇ  ਮੂੰਹ ਵਿਚ ਬੂੰਦ, ਉਹ ਪਾਣੀ ਦਾ ਮੁੱਲ ਜਾਣੇ।
ਮੈਂ ਅਪਣੇ ਵਸਲ ਦੇ ਪਲ, ਜ਼ਿੰਦਗੀ ਨਾਲੋਂ ਅਮੁੱਲ ਜਾਣੇ।

ਅਨੇਕਾਂ ਪਿਆਰਿਆਂ ਦੀ ਈਰਖਾ ਵੀ ਤਾਂ ਸਹੇੜਗੀ,
ਕਿ ਜੇ ਮਿਲ ਵੀ ਗਈ ਸ਼ੁਹਰਤ ਭਲਾ, ਝੰਡੇ ਨਾ ਝੁੱਲ ਜਾਣੇ।

ਇਨ੍ਹਾਂ ਸਦਕੇ  ਹੀ ਮੇਰੀ ਤੋਰ ਨਾ ਮੱਠੀ ਪਵੇ ਪਲ ਭਰ,
ਮੈਂ ਕੰਡੇ ਆਪਣੇ ਰਾਹ ਦੇ ਸਦਾ ਫ਼ੁੱਲਾਂ ਦੇ ਤੁੱਲ ਜਾਣੇ।

ਤੂੰ ਲੱਗਿਆ ਰਹਿਣ ਦੇਹ ਬੁੱਲ੍ਹਾਂ ’ਤੇ ਮੇਰੇ ਚੁੱਪ ਦਾ ਤਾਲਾ,
ਇਹ ਤਾਲਾ ਟੁੱਟਿਆ ਜਿਸ ਪਲ, ਅਨੇਕਾਂ ਰਾਜ਼ ਖੁੱਲ੍ਹ ਜਾਣੇ।

ਇਹ ਸਰਮਾਇਆ ਹੈ ਜਿਸ ਦਾ, ਸੌਂਪ ਕੇ ਤੂੰ ਸੁਰਖ਼ਰੂ ਹੋ ਜਾਹ,
ਹਵਾਲੇ ਕਰ ਕਲਮ ਦੇ ਕ੍ਰਿਸ਼ਨ ਅਪਣੇ ਦਰਦ ਭੁੱਲ ਜਾਣੇ।

■

ਦਿਲ ਨੂੰ ਸਮਝਾਣਾ ਵੀ ਹੁਣ ਤਾਂ, ਸਿਰ ਖਪਾਣਾ ਹੋ ਗਿਆ।
ਦਿਲ ਤਾਂ ਬੱਚਾ ਹੀ ਰਿਹਾ ਪਰ ਤਨ ਸਿਆਣਾ ਹੋ ਗਿਆ।

ਓਸ ਨੂੰ ਅਪਣੀ ਬੁਲੰਦੀ ’ਤੇ ਬੜਾ ਹੀ ਮਾਣ ਸੀ,
ਪੈ ਗਿਆ ਫ਼ਲ ਬਿਰਖ ਨੂੰ, ਝੁਕ ਕੇ ਨਿਮਾਣਾ ਹੋ ਗਿਆ।

ਹਾਕਮਾਂ ਨੇ ਜੋ ਵੀ ਦਿੱਤੇ, ਲੈ ਲਏ ਸਨਮਾਨ, ਪਰ,
ਇਨਕਲਾਬੀ ਆਪਣੇ ਲੋਕਾਂ ਤੋਂ ਕਾਣਾ ਹੋ ਗਿਆ।

ਦਰਦ, ਤਨਹਾਈ, ਉਦਾਸੀ, ਫ਼ਿਕਰ, ਬੇਚੈਨੀ ਸਣੇ,
ਦਿਲ ਇਕੱਲੇ ਦੇ ਮਗਰ ਸਭ, ਲੁੰਗ ਲਾਣਾ ਹੋ ਗਿਆ।

ਭੇਖ ਹਾਵੀ ਹੋ ਗਿਆ ਹੁਣ, ਪਰਖਦਾ ਹੈ ਅਮਲ ਕੌਣ,
ਲਾਜ਼ਮੀ ਇਸ ਦੌਰ ਵਿਚ, ਬਾਣੀ ਤੋਂ ਬਾਣਾ ਹੋ ਗਿਆ।

ਤੇਜ਼ ਤਬਦੀਲੀ ਹੈ ਏਨੀ, ਇਸ ਬਦਲਦੇ ਦੌਰ ਵਿਚ,
ਜੋ ਨਵਾਂ ਸੀ ਕੱਲ੍ਹ, ਓਹੀ ਅੱਜ ਪੁਰਾਣਾ ਹੋ ਗਿਆ।

ਰਾਜ, ਗੌਤਮ, ਜੀਤ, ਬਿੰਦੂ, ਪ੍ਰੀਤ, ਜਸ, ਗੁਰਮੀਤ, ਦੇਵ,
ਕ੍ਰਿਸ਼ਨ ਤੇਰਾ ਹੁਣ ਸਰੀ ਵਿਚ, ਇਕ ਘਰਾਣਾ ਹੋ ਗਿਆ।

[redacted]

ਇਹ ਤਾਂ ਵੰਡੇ ਤੇ ਸਗੋਂ, ਵਧਦੇ ਵੱਧੋ ਵੱਧ।
ਪਿਆਰ, ਮੁਹੱਬਤ ਦੀ ਕਿਤੇ, ਨਾ ਕੋਈ ਵੀ ਹੱਦ।

ਹੋਇਆ ਏਨੇ ਯੋਗ ਨਾ, ਹਾਲੇ ਮੇਰਾ ਕੱਦ,
ਤੂੰ ਸ਼ੁਹਰਤ ਦੀ ਪੰਡ ਨਾ, ਮੇਰੇ ਉੱਤੇ ਲੱਦ।

ਸ਼ਾਇਰ ਨਾ ਮੈਨੂੰ ਕਹੋ, ਨਾ ਮੇਰੀ ਔਕਾਤ,
ਮੈਂ ਤਾਂ ਮਨ ਦੇ ਵਲਵਲੇ, ਕੀਤੇ ਕਾਨੀ-ਬੱਧ।

ਵਿਰਲਾ ਕੋਈ ਕਹਿ ਸਕੇ, ਨਿਰਭੈ ਹੋ ਕੇ ਸੱਚ,
ਜਾਂ ਕੋਈ ਸੁਕਰਾਤ ਉਹ, ਜਾਂ ਕੋਈ ਸਰਮੱਦ।

ਇਕ ਧਿਰ ਦਾ ਪੱਖ ਪੂਰਨਾ, ਹੋ ਰਹਿਣਾ ਨਿਰਪੱਖ,
ਜਾਂ ਤਾਂ ਹਾਂ ਸਹਿਮਤ ਅਸੀਂ, ਜਾਂ ਕਰਦੇ ਹਾਂ ਰੱਦ।

ਸਾਡੀ ਸੋਝੀ ਤੋਂ ਪਰੇ, ਇਸਦਾ ਸਗਲ ਪਸਾਰ,
ਬ੍ਰਹਿਮੰਡ ਦਾ ਕੋਈ ਕਿਤੇ, ਆਦਿ, ਅੰਤ ਨਾ ਮੱਧ।

"ਪੀਲੂ ਸ਼ਾਇਰ" ਬਿਆਨਦਾ, ਇਉਂ ਸਾਹਿਬਾਂ ਦਾ ਹੁਸਨ,
"ਤੇਲ ਭੁਲਾਵੇਂ ਬਾਣੀਏਂ, ਦਿੱਤਾ ਸ਼ਹਿਦ ਉਲੱਦ"।

ਛੰਦਾਬੰਦੀ ਵਿੱਚ ਨਾ, ਮਰਦੇ ਕ੍ਰਿਸ਼ਨ ਖ਼ਿਆਲ,
ਇਹ ਤਾਂ ਖ਼ਿਆਲਾਂ ਨੂੰ ਸਗੋਂ, ਕਰ ਦੇਵੇ ਲੈਅਬੱਧ।

ਜੇ ਸੱਚੋ ਸੱਚ ਸੁਣਨਾ ਪੈ ਗਿਆ ਤਾਂ ਸਹਿ ਨਹੀਂ ਹੋਣਾ।
ਜੇ ਸਾਨੂੰ ਸੱਚ ਕਹਿਣਾ ਪੈ ਗਿਆ ਤਾਂ ਕਹਿ ਨਹੀਂ ਹੋਣਾ।

ਅਸੀਂ ਮਹਿਲਾਂ 'ਚ ਰਹਿ ਕੇ ਝੁੱਗੀਆਂ ਦੀ ਗੱਲ ਕਰਦੇ ਹਾਂ,
ਜੇ ਰਹਿਣਾ ਪੈ ਗਿਆ ਝੁਗੀਆਂ 'ਚ ਇਕ ਦਿਨ , ਰਹਿ ਨਹੀਂ ਹੋਣਾ।

ਮੁਖੌਟਾ ਪਾ ਲਿਆ, ਤੇ ਆਪਣੀ ਪਹਿਚਾਣ ਭੁੱਲ ਬੈਠੈਂ,
ਮੁਖੌਟਾ ਲਹਿ ਗਿਆ, ਤਾਂ ਸ਼ੀਸ਼ੇ ਸਾਹਵੇਂ ਬਹਿ ਨਹੀਂ ਹੋਣਾ।

ਜੇ ਬਿਸਤਰ ਵਾਂਗ ਕੇਰਾਂ ਵਿਛ ਗਿਆ ਤੂੰ ਹਾਕਮਾਂ ਅੱਗੇ,
ਜੇ ਤੂੰ ਚਾਹੇਂ ਵੀ, ਤਾਂ ਮੁੜ ਕੇ ਕਦੇ ਵੀ ਤਹਿ ਨਹੀਂ ਹੋਣਾ।

ਤਿਰੇ ਬਿਨ ਕ੍ਰਿਸ਼ਨ ਦੁਨੀਆ ਦਾ ਨਾ ਕੋਈ ਕੰਮ ਰੁਕਣਾ ਹੈ,
ਇਹ ਤੇਰਾ ਵਹਿਮ ਹੈ ਨਿਰਮੂਲ, ਮਗਰੋਂ ਅਹਿ ਨਹੀਂ ਹੋਣਾ।

ਅਪਣੀ ਜ਼ਮੀਰ ਵੇਚ ਕੇ, ਪੱਥਰ ਖਰੀਦ ਲਏ।
ਬੰਜਰ ਜ਼ਮੀਨ ਲੈ ਲਈ, ਕੁਛ ਘਰ ਖਰੀਦ ਲਏ।

ਦਰਿਆ ਨਸ਼ੇ ਦਾ ਵਗ ਪਿਐ, ਪਾਣੀ ਤਾਂ ਮੁੱਕਿਆ,
ਘਰ ਘਰ 'ਚ ਹੀ ਪੰਜਾਬ ਨੇ, ਸੱਥਰ ਖਰੀਦ ਲਏ।

ਮਹਿੰਗੀ ਕਿਤਾਬ ਹੈ ਬੜੀ, ਹੋਣੀ ਨਹੀਂ ਖਰੀਦ,
ਮਹਿੰਗੀ ਸ਼ਰਾਬ ਲੈ ਲਈ, ਬਸਤਰ ਖਰੀਦ ਲਏ।

ਇਕ ਦੂਸਰੇ ਦੀ ਪਿੱਠ 'ਚ ਖੋਭਣ ਦੇ ਵਾਸਤੇ,
ਧਰਮਾਂ ਦੇ ਨਾਮ 'ਤੇ ਅਸੀਂ, ਖੰਜਰ ਖਰੀਦ ਲਏ।

ਹੁਣ ਰਿਸ਼ਤਿਆਂ ਦਾ ਕਰ ਲਿਐ ਮੰਡੀਕਰਣ ਅਸੀਂ,
ਲਈਆਂ ਖਰੀਦ ਲਾੜੀਆਂ ਤੇ ਵਰ ਖਰੀਦ ਲਏ।

ਹਰ ਵਾਰ ਮੱਤਦਾਨ ਤੇ ਮਾਰੀ ਗਈ ਹੈ ਮੱਤ,
ਹਰ ਵਾਰ ਵੋਟ ਵੇਚ ਕੇ, ਜਾਬਰ ਖਰੀਦ ਲਏ।

ਕੀ ਪਹੁੰਚਣਾ ਮੁਕਾਮ 'ਤੇ ਇਹ ਕਾਫ਼ਲਾ ਭਲਾ,
ਕੁਛ ਰਾਹਜ਼ਨਾਂ ਨੇ ਕ੍ਰਿਸ਼ਨ ਇਹ ਰਾਹਬਰ ਖਰੀਦ ਲਏ।

ਜੋ ਜਹਾਲਤ ਦੂਰ ਕਰ ਕੇ, ਸੂਝ ਹੈ ਪਰਦਾਨ ਕਰਦਾ।
ਉਹ ਮਹਾਂਦਾਨੀ ਹੈ ਜਿਹੜਾ, ਰੌਸ਼ਨੀ ਦਾ ਦਾਨ ਕਰਦਾ।

ਫ਼ਰਕ ਤਾਂ ਕੰਨੇ ਦਾ ਹੁੰਦੈ ਸਿਰਫ਼, ਸ਼ਸਤਰ, ਸ਼ਾਸ਼ਤਰ ਵਿਚ,
ਜੇ ਗ਼ਲਤ ਹੱਥਾਂ 'ਚ ਆਵੇ, ਤਾਂ ਬਹੁਤ ਨੁਕਸਾਨ ਕਰਦਾ।

ਮੁਸ਼ਕਲਾਂ ਕੋਲ਼ੋਂ ਡਰੇ ਜੋ, ਉਹ ਕਿਸੇ ਦਾ ਕੀ ਸੰਵਾਰੇ,
ਜ਼ਿੰਦਗੀ ਦੀ ਹਰ ਚੁਣੌਤੀ, ਸੂਰਮਾ ਪਰਵਾਨ ਕਰਦਾ।

ਜਾਣਦਾ ਜਰਵਾਣਿਆਂ ਦੇ ਹੱਥ ਆ ਜਾਣੀ ਅਜ਼ਾਦੀ,
ਭਗਤ ਸਿਉਂ ਵੀ ਆਪਣਾ ਸਿਰ, ਕਿਉਂ ਭਲਾ ਕੁਰਬਾਨ ਕਰਦਾ।

ਜੋ ਸਿਰੇ ਤੀਕਰ ਹੈ ਭਰਿਆ, ਛਲਕਦਾ ਬਰਤਨ ਕਦੇ ਨਾ,
ਉਹ ਨਿਰਾ ਜਾਹਿਲ ਹੈ ਜਿਹੜਾ ਗਿਆਨ ਦਾ ਅਭਿਮਾਨ ਕਰਦਾ।

ਦੋਸ਼ ਕਿਸ ਕਿਸ ਨੂੰ ਦਿਆਂ ਮੈਂ, ਕੀ ਸਜ਼ਾ ਦੇਵਾਂ ਕਿਸੇ ਨੂੰ,
ਦੋਸ਼ ਮੇਰੇ ਵਿਚ ਬਥੇਰੇ, ਗ਼ਲਤੀਆਂ ਇਨਸਾਨ ਕਰਦਾ।

ਬਹਿਸ-ਬਾਜ਼ੀ ਕਰਦਿਆਂ ਤਾਂ, ਕ੍ਰਿਸ਼ਨ ਕੁਝ ਹਾਸਿਲ ਨ ਹੁੰਦਾ,
ਕਿਉਂ ਨਹੀਂ ਸੰਵਾਦ ਕਰਨੇ ਦਾ ਕੁਈ ਆਹਵਾਨ ਕਰਦਾ।

[redacted]

ਤੇਰੀ ਕਲਮ ਕਿੱਥੇ, ਕਿਉਂ ਤੂੰ ਚੁੱਕਦਾ ਨਾ,
ਤੈਨੂੰ ਕਹਿਣ ਸਾਰੇ, ਸਿਰਜਣਹਾਰ ਅੜ੍ਹਿਆ,
ਕਿੱਥੇ ਟਿਕਣ ਦਿੰਦੇ, ਪਾਉਂਦੇ ਖ਼ਿਆਲ ਤਰਲਾ,
ਸਾਨੂੰ ਜਨਮ ਦੇ ਦੇ, ਨਾ ਤੂੰ ਮਾਰ ਅੜ੍ਹਿਆ।

ਜਿਹੜਾ ਜਾਣਦਾ ਹੈ, ਤੇਰਾ ਜ਼ੋਰ ਕਿੰਨੈ,
ਜਿਹੜਾ ਜਾਣਦੈ ਕਿੱਥੋਂ ਕਮਜ਼ੋਰ ਕਿੰਨੈ,
ਤੂੰ ਨਾ ਸੋਚ ਬਹੁਤਾ, ਕੋਈ ਓਪਰਾ ਨਾ,
ਤੇਰਾ ਆਪਣਾ ਹੀ, ਕਰਦੈ ਵਾਰ ਅੜ੍ਹਿਆ।

ਜਿਹੜਾ ਨੇੜ ਆਵੇ, ਜਿਹੜਾ ਹੱਥ ਲਾਵੇ,
ਉਹ ਨਾ ਭੁੱਲ ਜਾਵੇ, ਸੁੱਕਾ ਲੰਘਦਾ ਨਾ,
ਪਹਿਰੇਦਾਰ ਉਹਦੇ, ਓਥੇ ਨਾਲ਼ ਕੰਡੇ,
ਜਿੱਥੇ ਫੁੱਲ ਖਿੜਦੈ, ਖ਼ੁਸ਼ਬੂਦਾਰ ਅੜ੍ਹਿਆ।

ਸੌ ਸੌ ਵਾਰ ਡਿੱਗੇ, ਸੌ ਸੌ ਵਾਰ ਉੱਠੇ,
ਓਹੀ ਜਿੱਤਦਾ ਹੈ ਜੋ ਨਾ ਸਿਦਕ ਹਾਰੇ,
ਜਿਹੜਾ ਹਾਰ ਜਾਂਦੈ, ਉਹਨੂੰ ਕੌਣ ਪੁੱਛੇ,
ਲੋਕੀ ਜੇਤੂਆਂ ਦੀ, ਗਾਉਂਦੇ ਵਾਰ ਅੜ੍ਹਿਆ।

ਤੇਰੇ ਸੰਗ-ਸਾਥੀ, ਰਿਸ਼ਤੇਦਾਰ ਸਾਰੇ,
ਦਿੰਦੇ ਸਾਥ ਕਿੱਥੇ, ਹੁੰਦੇ ਗ਼ਰਜ਼ ਮਾਰੇ,
ਜਿਹੜਾ ਆਖਰੀ ਸਾਹਾਂ ਤਕ ਨਾਲ਼ ਨਿਭਦੈ,
ਰਿਸ਼ਤਾ ਪੀੜ ਦਾ ਹੀ, ਪਾਏਦਾਰ ਅੜ੍ਹਿਆ।

ਨਾ ਮੈਂ ਕ੍ਰਿਸ਼ਨ ਹਾਂ ਗੀਤਾ ਦਾ ਰਚਣਹਾਰਾ,
ਅਰਜਣ ਵਾਗਰਾਂ ਮੈਂ ਕੋਈ ਸੂਰਮਾ ਨਾ,
ਨਾ ਮੈਂ ਜਿੱਤਿਆ ਹੈ, ਇਕ ਵੀ ਯੁੱਧ ਕੋਈ,
ਮੈਂ ਤਾਂ ਹਾਰਿਆਂ ਹਾਂ, ਹਰ ਇਕ ਵਾਰ ਅੜ੍ਹਿਆ।

ਨਾ ਇਹ ਤਖ਼ਤ ਰਹਿਣੇ, ਨਾ ਇਹ ਤਾਜ ਰਹਿਣੇ,
ਨਾ ਇਹ ਮਹਲ ਰਹਿਣੇ, ਨਾ ਇਹ ਰਾਜ ਰਹਿਣੇ,
ਲਿਖਦੇ ਕਾਗ਼ਜ਼ਾਂ 'ਤੇ ਜਿਹੜੇ ਸੁਖਨ ਸ਼ਾਇਰ,
ਜਿਉਂਦੇ ਰਹਿਣਗੇ ਇਹ, ਵਕਤੋਂ ਪਾਰ ਅੜ੍ਹਿਆ।

ਇਹਨੇ ਸੈਂਕੜੇ ਕੁਦਰਤ ਦੇ ਭੇਤ ਕੱਢੇ,
ਸੌ ਸੌ ਰੋਗ ਦੇ ਵੀ, ਇਹਨੇ ਜੂੜ ਵੱਢੇ,
ਹਾਲੇ ਆਦਮੀ ਨੂੰ ਸੂਹ ਨਾ ਮੌਤ ਦੇਵੇ,
ਕਿਹੜੀ ਤਿੱਥ ਹੋਣੀ, ਕਿਹੜੇ ਵਾਰ ਅੜ੍ਹਿਆ।

ਐਂਵੇਂ ਘੌਲ਼ ਨਾ ਕਰ, ਬਹਿਜਾ ਸ਼ਿਸ਼ਤ ਲਾ ਕੇ,
ਦੇਖੀਂ ਅੱਖ ਰੱਖੀਂ, ਸਾਵੀਂ ਬਾਜ਼ ਵਰਗੀ,
ਮੁੜ ਕੇ ਸ਼ਾਇਰਾ ਨਾ, ਤੇਰੇ ਹੱਥ ਲੱਗੇ,
ਜਿਹੜੀ ਲੰਘਜੇ, ਖ਼ਿਆਲਾਂ ਦੀ ਡਾਰ ਅੜ੍ਹਿਆ।

ਸੀਮਾ ਵਿਦਵਤਾ ਦੀ, ਕਿੱਥੇ ਖਤਮ ਹੁੰਦੀ,
ਸੀਮਾ ਹੁਨਰ ਦੀ ਜੋ, ਮੈਨੂੰ ਦੱਸ ਦੇਵੇ,
ਵਾਰ ਵਾਰ ਮੈਂ ਤਾਂ, ਉਹਦੇ ਪੈਰ ਚੁੰਮਾਂ,
ਉਹਤੋਂ ਜ਼ਿੰਦਗੀ ਮੈਂ, ਦੇਵਾਂ ਵਾਰ ਅੜ੍ਹਿਆ।

ਜਿਉਂ ਜਿਉਂ ਉਮਰ ਤੇਰੀ, ਜਾਵੇ ਕ੍ਰਿਸ਼ਨ ਢਲ਼ਦੀ,
ਤਿਉਂ ਤਿਉਂ ਸ਼ਾਇਰੀ ਤੇਰੀ ਮੁਟਿਆਰ ਹੋਵੇ,
ਇਹ ਤਾਂ ਕੱਢਦੀ ਜਾਂਦੀ ਹੈ ਕੱਦ ਸਹੁਰੀ,
ਇਸ 'ਤੇ ਰੂਪ ਦਾ ਚੜ੍ਹਦਾ ਹੈ ਵਾਰ ਅੜ੍ਹਿਆ।